1

ਹੱਲ ਹੋ ਚੁਕਾ

# ਰਾਗ ਮਾਲਾ ਦਾ ਵਿਵਾਦ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੁਰਾਤਨ ਹੱਥ ਲਿਖਤ ਬੀੜ ਸਾਹਿਬ ਵਿੱਚ ਰਾਗ ਮਾਲਾ ਦੀ ਲਿਖਤ ਤਸਵੀਰ ਵਿੱਚ ਵੇਖੀ ਜਾ ਸਕਦੀ ਹੈ ।

ਪ੍ਰਕਾਸ਼ਕ:-

ਗੋਬਿੰਦ ਸਦਨ ਯੂ:ਐਸ:ਏ,

੧੩੪,ਗਰੇਵਜ਼ ਰੋਡ,ਸੈਂਟ੍ਰਲ ਸੁਕੇਅਰ,

ਨੀਊ ਯਾਰਕ-੧੩੦੩੬

ਲੇਖਕ:-

ਗੁਰਬਚਨ ਸਿੰਘ,

ਚੇਅਰਮੈਨ,

ਗੋਬਿੰਦ ਸਦਨ ਯੂ:ਐਸ:ਏ



ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸ੍ਰਿੰਘ ਜੀ ਦਮਦਮਾ ਸਾਹਿਬ ਮੰਡੀ ਸਾਬੋਕੇ (ਗੁਰੂ ਕੀ ਕਾਂਸ਼ੀ) ਵਿਖੇ ਸ੍ਰੀ ਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਦੋਬਾਰਾ ਬੀੜ ਭਾਈ ਮਨੀ ਸਿੰਘ ਜੀ ਤੋਂ ਲਿਖਵਾ ਰਹੇ ਤਸਵੀਰ ਵਿੱਚ ਦਿਖਾਈ ਦੇ ਰਹੇ ਹਨ । ਇਸ ਬੀੜ ਸਾਹਿਬ ਜਿਸ ਨੂੰ ਆਮ ਕਰ ਕੇ ਦਮਦਮੇ ਸਾਹਿਬ ਵਾਲੀ ਬੀੜ ਕਰ ਕੇ ਜਾਣਿਆ ਜਾ ਰਿਹਾ ਹੈ ਦੇ ਕੀਤੇ ਹੋਏ ਉਤਾਰਿਆਂ ਦੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਭਨਾਂ ਗੁਰਦੁਆਰਿਆਂ ਵਿੱਚ ਕੀਤੇ ਜਾ ਰਹੇ ਹਨ । ਇਸ ਬੀੜ ਸਾਹਿਬ ਵਿੱਚ ਵੀ ਗੁਰੂ ਸਾਹਿਬ ਵਲੋਂ ਰਾਗ ਮਾਲਾ ਲਿਖਵਾਈ ਗਈ ਹੈ ।

## ਹੱਲ ਹੋ ਚੁੱਕਾ

# ਰਾਗ ਮਾਲਾ ਦਾ ਵਿਵਾਦ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਾਗ ਮਾਲਾ ਅੰਤਲੀ ਬਾਣੀ ਹੈ ਜੋ ਕਿ ਕੇਵਲ ਇਕ ਅੰਗ (ਪੰਨੇ ) ਤੇ ਲਿਖੀ ਹੋਈ ਹੈ । ਇਸ ਬਾਰੇ ਥੋੜੇ ਥੋੜੇ ਸਮੇ ਪਿਛੋਂ ਕੋਈ ਨਾ ਕੋਈ ਵਿਦਵਾਨ ਇਹ ਬਿਆਨ ਅਖਬਾਰਾਂ ਵਿੱਚ ਛਪਵਾ ਦੇਂਦਾ ਹੈ ਕਿ ਰਾਗ ਮਾਲਾ ਬਾਣੀ ਨਹੀਂ ਹੈ ਜਿਸ ਕਾਰਨ ਇਸ ਦਾ ਪਾਠ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ,ਸਪਤਾਹਕ ਪਾਠ ਜਾਂ ਅਖੰਡ ਪਾਠ ਦੇ ਭੋਗ ਸਮੇ ਨਹੀਂ ਕਰਨਾ ਚਾਹੀਦਾ । ਕੁਝ ਵਿਦਵਾਨ ਇਸ ਵਿਚਾਰ ਦਾ ਖੰਡਣ ਕਰਦੇ ਹੋਏ ਰਾਗ ਮਾਲਾ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਸਮਝਦੇ ਹੋਏ ਇਸ ਦੇ ਪਾਠ ਕਰਨ ਤੇ ਜ਼ੋਰ ਦੇ ਰਹੇ ਹਨ । ਇਹ ਇਕ ਬੜਾ ਅਜੀਬ ਜਿਹਾ ਵਿਵਾਦ ਦਿਖਾਈ ਦੇਂਦਾ ਹੈ ਜਿਸ ਤੋਂ ਸਾਰਾ ਪੰਥ ਦੋਫਾੜ ਹੋ ਕੇ ਇਕ ਦੂਜੇ ਦੀ ਨਿੰਦਿਆ ਵਿੱਚ ਲੱਗਾ ਹੋਇਆ ਹੈ ਜਿਸ ਤਰਾਂ ਕਿ ਪਿਛਲੇ ਦਿਨੀ ਜਨਮ ਅਸਥਾਨ ਸ੍ਰੀ ਪਟਨਾ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ ਨੇ ਇਸ ਬਾਰੇ ਰਾਗ ਮਾਲਾ ਦਾ ਪੱਖ ਪੂਰਦਿਆਂ ਹੋਇਆ ਇਸ ਦੇ ਪੜ੍ਹਣ ਤੇ ਜ਼ੋਰ ਦਿਤਾ । ਇਸ ਬਾਰੇ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ ਨੇ ਇਹ ਇੰਕਸ਼ਾਫ ਕੀਤਾ ਕਿ ਪਿਛਲੇ ਦਿਨੀ ਤਖਤ ਸ੍ਰੀ ਜਨਮ ਅਸਥਾਨ ਪਟਨਾ ਸਾਹਿਬ ਵਿਖੇ ਪੰਜ ਪਿਆਰਿਆਂ ਦੀ ਇਕ ਵਿਸ਼ੇਸ ਇਕਤਰਤਾ ਹੋਈ ਜਿਸ ਵਿੱਚ ਸਰਬ ਸੰਮਤੀ ਨਾਲ ਪੰਜ ਸਿੰਘ ਸਾਹਿਬਾਨ ਨੇ ਫੈਸਲਾ ਕੀਤਾ ਕਿ ਬਿਨਾ ਰਾਗ ਮਾਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਨਾ ਛਾਪੀਆਂ ਜਾਣ ਅਤੇ ਬਿਨਾਂ ਰਾਗ ਮਾਲਾ ਪੜ੍ਹੇ ਸਹਿਜ ਪਾਠ ਤੇ ਅਖੰਡ ਪਾਠ ਦੇ ਭੋਗ ਪਾਉਣ ਨਾਲ ਪੂਜਾ ਦਾ ਕੇਵਲ ਖੰਡਣ ਹੀ ਨਹੀਂ ਹੁੰਦਾ ਸਗੋਂ ਘੋਰ ਬੇਅਦਬੀ ਵੀ ਹੋਵੇ ਗੀ ਜੋ ਕਿ ਮਰਯਾਦਾ ਅਨੁਸਾਰ ਮਹਾਂ ਬਜਰ ਪਾਪ ਹੈ । ਸਿੰਘ ਸਾਹਿਬ ਨੇ ਕਿਹਾ ਕਿ ਜਿਹੜੇ ਪੰਜ ਪਿਆਰੇ ਅੰਮ੍ਰਿਤ ਛਕਾਉਣ ਸਮੇਂ ਇਹ ਕਹਿੰਦੇ ਹਨ ਕਿ ਰਾਗ ਮਾਲਾ ਗੁਰਬਾਣੀ ਨਹੀਂ ਹੈ ,ਉਹ ਘੋਰ ਅਪਰਾਧੀ ਹਨ ਤੇ ਉਨ੍ਹਾਂ ਖਿਲਾਫ ਮਰਯਾਦਾ ਅਨੁਸਾਰ ਕਾਰਵਾਈ ਕੀਤੀ ਜਾਵੇ ਗੀ । ਜਿਹੜੇ ਵਿਅਕਤੀ ਰਾਗ ਮਾਲਾ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ ਨਹੀਂ ਸਵੀਕਾਰਦੇ ਉਹ ਭਟਕੇ ਹੋਏ ਵਿਅਕਤੀ ਹਨ । ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਨੇ ਇਸ ਦੀ ਵਿਰੋਧਤਾ ਵੱਲ ਇਸ਼ਾਰਾ ਕਰਦਿਆ ਇਹ ਕਹਿ ਦਿਤਾ ਕਿ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ ਨੂੰ ਇਹੋ ਜਿਹਾ ਬਿਆਨ ਨਹੀਂ ਦੇਣਾਂ ਚਾਹੀਦਾ ਸੀ । ਇਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਨੂੰ ਰਾਗ ਮਾਲਾ ਦੇ ਵਿਵਾਦ ਬਾਰੇ ਸ਼ਾਇਦ ਪੂਰੀ ਜਾਣਕਾਰੀ ਨਾ ਹੋਵੇ ਨਹੀਂ ਤਾਂ ਉਨ੍ਹਾਂ ਨੂੰ ਸਿੰਘ ਸਾਹਿਬ ਜਥੇਦਾਰ ਇਕਬਾਲ ਸਿੰਘ ਦੀ ਹਮਾਇਤ ਕਰਨੀ ਚਾਹੀਦੀ ਸੀ । ਜੇ ਕਰ ਇਸ ਵਿਵਾਦ ਦੇ ਪੈਦਾ ਹੋਣ ਬਾਰੇ ਜਾਨਣ ਦਾ ਪਤਾ ਕੀਤਾ ਜਾਵੇ ਤਾਂ ਸਾਨੂੰ ਇਹ ਪਤਾ ਲਗੇ ਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਨ 1604 ਵਿੱਚ ਹੀ ਸੰਪੂਰਨ ਕਰਵਾ ਕੇ ਸ੍ਰੀ ਹਰਿ ਮੰਦਰ ਸਾਹਿਬ ਵਿੱਚ ਇਸ ਦਾ ਪ੍ਰਕਾਸ਼ ਕਰਵਾ ਦਿਤਾ ਸੀ । ਇਸ ਤੋਂ ਪਿਛੋਂ ਕਦੇ ਵੀ ਰਾਗ ਮਾਲਾ ਬਾਰੇ ਕੋਈ ਵਿਵਾਦ ਖਾਲਸਾ ਪੰਥ ਦੇ ਇਤਹਾਸ ਵਿੱਚ ਤਕਰੀਬਨ ਢਾਈ ਸੌ ਸਾਲ ਤਕ ਨਹੀਂ ਮਿਲਦਾ । ਸਭ ਤੋਂ ਪਹਿਲਾਂ ਇਸ ਬਾਰੇ ਸਾਧੂ ਸੋਭਾ ਸਿੰਘ ਨੇ ਸ਼ੰਕਾ ਪ੍ਰਗਟਾਈ ਸੀ । ਸਿੱਖ ਇਤਹਾਸ ਇਹ ਦਸਦਾ ਹੈ ਕਿ ਸਾਧੂ ਸੋਭਾ ਸਿੰਘ ਨੂੰ ਇਕ ਚੇਤਨ ਦਾਸ ਨਾਮੀ ਸਾਧੂ ਨੇ ਆਲਮ ਦੀ ਕਾਮ ਕੰਦਲਾ ਦੀ ਪੋਥੀ ਵਿਖਾਈ ਤੇ ਉਸ ਨੂੰ ਕਾਇਲ ਕਰ ਲਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਿਖੀ ਹੋਈ ਰਾਗ ਮਾਲਾ ਕਾਮ ਕੰਧਲਾ ਤੋਂ ਲੀਤੀ ਗਈ ਹੋਣ ਕਰ ਕੇ ਇਹ ਗੁਰਬਾਣੀ ਨਹੀਂ ਹੋ ਸਕਦੀ । ਸਾਧੂ ਸੋਭਾ ਸਿੰਘ ਇਕ ਡੇਰੇ ਵਿੱਚ ਰਿਹਾ ਕਰਦਾ ਸੀ ਜਿਸ ਦਾ ਸੰਚਾਲਕ ਸੰਤ ਠਾਕਰ ਸਿੰਘ ਜੀ ਕੀਤਾ ਕਰਦੇ ਸਨ । ਸਾਧੂ ਸੋਭਾ ਸਿੰਘ ਕੁਝ ਸਮਾ ਪਟਿਆਲਾ ਵਿਖੇ ਅਹਿਲਕਾਰ ਦੀ ਪਦਵੀ ਤੇ ਵੀ ਕੰਮ ਕਰ ਚੁਕੇ ਸਨ । ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਵੀ ਕੀਤਾ ਕਰਦੇ ਸਨ । ਕਿਸੇ ਕਾਰਨ ਕਰ ਕੇ ਉਨ੍ਹਾਂ ਨੂੰ ਪਟਿਆਲਾ ਰਿਆਸਤ ਤੋਂ ਕਢ ਦਿਤਾ ਗਿਆ । ਸਾਧੂ ਸੋਭਾ ਸਿੰਘ ਨੇ ਬੜੇ ਜ਼ੋਰ ਨਾਲ ਰਾਗ ਮਾਲਾ ਦੇ ਵਿਰੁੱਧ ਪਰਚਾਰ ਮੁਹਿਮ ਸ਼ੁਰੂ ਕਰ ਦਿਤੀ । ਉਹ ਪਟਿਆਲਾ ਤੋਂ ਨਿਕਲ ਕੇ ਕੈਥਲ ਜਾ ਪੁਜੇ ਜਿਥੇ ਕਿ ਉਸ ਸਮੇ ਭਾਈ ਸੰਤੋਖ ਸਿੰਘ ਜੀ ਗੁਰ ਇਤਿਹਾਸ 'ਸੂਰਜ ਪ੍ਰਕਾਸ਼' ਲਿਖ ਰਹੇ ਸਨ । ਸਾਧੂ ਸੋਭਾ ਸਿੰਘ ਨੇ ਆਪਣੀ ਨਵੀਂ ਖੋਜ ਭਾਈ ਸੰਤੋਖ ਸਿੰਘ ਨੂੰ ਜਾ ਦਸੀ । ਉਸ ਸਮੇ ਸਿੱਖ ਇਤਿਹਾਸਕਾਰ ਸਿਖਾਂ ਦਾ ਇਤਹਾਸ ਲਿਖਣ ਦਾ ਯਤਨ ਕਰ ਰਹੇ ਸਨ ਤੇ ਉਨ੍ਹਾਂ ਨੂੰ ਜਿਥੋਂ ਵੀ ਕੋਈ ਇਤਹਾਸਕ ਸਮਗਰੀ ਮਿਲ ਜਾਂਦੀ ਉਹ ਝੱਟ ਹੀ ਉਸ ਨੂੰ ਆਪਣੀ ਰਚਨਾ ਵਿੱਚ ਸ਼ਾਮਲ ਕਰ ਲੈਂਦੇ । ਸਾਧੂ ਸੋਭਾ ਸਿੰਘ ਨੇ ਆਪਣੀ

ਇਹ ਇਤਹਾਸਕ ਖ਼ੁੰਧਕ ਕਿਸੇ ਤਰਾਂ ਭਾਈ ਸੰਤੋਖ ਸਿੰਘ ਤੋਂ ਸੂਰਜ ਪ੍ਰਕਾਸ਼ ਵਿੱਚ ਲਿਖਵਾ ਲਈ ਕਿ ਰਾਗ ਮਾਲਾ ਗੁਰੂ ਕਿਰਤ ਨਹੀਂ ਹੈ ਸਗੋਂ ਆਲਮ ਕ੍ਰਿਤ ਹੈ । ਸਾਧੂ ਸੋਭਾ ਸਿੰਘ ਨੇ ਖੁਲਮ ਖੁਲਾ ਰਾਗ ਮਾਲਾ ਦੇ ਵਿਰੁਧ ਪ੍ਰਚਾਰ ਬੜੀ ਤੇਜ਼ੀ ਨਾਲ ਕਰਨਾ ਸ਼ੁਰੂ ਕਰ ਦਿਤਾ ਜਿਸ ਕਾਰਨ ਉਨ੍ਹਾਂ ਦੇ ਵਿਰੁਧ ਸਿੱਖ ਸੰਗਤਾਂ ਵਿੱਚ ਬੜਾ ਵਿਰੋਧ ਪੈਦਾ ਹੋ ਗਿਆ । ਉਨ੍ਹਾਂ ਦੇ ਵਿਰੁਧ ਸ੍ਰੀ ਅਕਾਲ ਬੁੰਗੇ( ਸ੍ਰੀ ਅਕਾਲ ਤਖਤ ਸਾਹਿਬ) ਵਿਖੇ ਇਕ ਬੜਾ ਭਾਰੀ ਦੀਵਾਨ ਹੋਇਆ । ਇਸ ਦੀਵਾਨ ਵਿੱਚ ਜੋ ਸਿੱਖ ਆਗੂ ਸ਼ਾਮਲ ਹੋਏ ਉਨ੍ਹਾਂ ਵਿੱਚ ਭਾਈ ਜਵਾਹਰ ਸਿੰਘ ਜੀ ਗ੍ਰੰਥੀ ਅੰਮ੍ਰਿਤਸਰ, ਭਾਈ ਭਗਤ ਸਿੰਘ ਜੀ,ਭਾਈ ਭਗਵਾਨ ਸਿੰਘ,ਠਾਕਰ ਦਿਆਲ ਸਿੰਘ ਤੋਂ ਇਲਾਵਾ ਨਿਰਮਲੇ,ਉਦਾਸੀ ਸੰਤ ਮਹੰਤ ਅਤੇ ਨਿਹੰਗ ਸਿੰਘ ਵੀ ਸ਼ਾਮਲ ਹੋਏ । ਦੀਵਾਨ ਵਿੱਚ ਸਾਧੂ ਸੋਭਾ ਸਿੰਘ ਨੂੰ ਵੀ ਸਦਿਆ ਗਿਆ । ਜਦ ਇਸ ਬਾਰੇ ਸਾਧੂ ਸੋਭਾ ਸਿੰਘ ਤੋਂ ਪੁੱਛ ਗਿੱਛ ਕੀਤੀ ਗਈ ਤਾਂ ਉਨ੍ਹਾਂ ਨੇ ਬੜੀ ਹੁਸ਼ਿਆਰੀ ਨਾਲ ਆਪਣੀਆਂ ਉਕਤੀਆਂ ਜੁਕਤੀਆਂ ਦੀ ਵਰਤੋਂ ਕਰਦਿਆਂ ਸਭਨਾਂ ਹਾਜ਼ਰ ਮੈਂਬਰਾਂ ਨੂੰ ਕਾਇਲ ਕਰਨ ਦਾ ਬੜਾ ਯਤਨ ਕੀਤਾ ਪਰ ਉਨ੍ਹਾਂ ਦੀ ਗੱਲ ਕਿਸੇ ਨੇ ਵੀ ਜਦ ਮਨਜ਼ੂਰ ਨਾ ਕੀਤੀ ਤਾਂ ਸਾਧੂ ਸੋਭਾ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਖੜੇ ਹੋ ਕੇ ਸਾਰੀ ਹਾਜ਼ਰ ਸੰਗਤ ਨੂੰ ਇਹ ਬੇਨਤੀ ਕੀਤੀ ਕਿ ਉਹ ਇਹ ਵਿਚਾਰ ਬਿਲਕੁਲ ਸਾਫ ਨੀਯਤ ਨਾਲ ਸੰਗਤਾਂ ਸਾਹਮਣੇ ਰਖ ਰਹੇ ਹਨ ਕਿ ਰਾਗ ਮਾਲਾ ਗੁਰਬਾਣੀ ਨਾ ਹੋਣ ਕਾਰਨ ਪੜ੍ਹਣੀ ਨਹੀਂ ਚਾਹੀਦੀ । ਉਹ ਇਸ ਦੀ ਸਾਰੀ ਜੁਮੇਵਾਰੀ ਆਪਣੇ ਸਿਰ ਲੈਂਦੇ ਹਨ । ਸੰਗਤ ਇਸ ਬਾਰੇ ਇਹ ਅਰਦਾਸ ਕਰੇ ਕਿ ਜੇ ਇਸ ਦੇ ਪੜ੍ਹਣ ਦਾ ਕੋਈ ਪਾਪ ਹੈ ਤਾਂ ਉਹ ਪਾਪ ਸਾਧੂ ਸੋਭਾ ਸਿੰਘ ਨੂੰ ਲੱਗੇ ਤੇ ਉਹ ਇਸ ਪਾਪ ਕਰਮ ਦੇ ਫਲ਼ ਦਾ ਜੁਮੇਵਾਰ ਹੋਣ ਕਾਰਨ ਇਸ ਪਾਪ ਨੂੰ ਭੁਗਤੇ ਗਾ । ਦੀਵਾਨ ਵਿੱਚ ਬੈਠੇ ਪੰਥਕ ਮੁਖੀਆਂ ਨੇ ਸਾਧੂ ਸੋਭਾ ਸਿੰਘ ਦੇ ਇਸ ਸੁਝਾ ਤੇ ਵਿਚਾਰ ਕੀਤੀ ਤੇ ਫੈਸਿਲਾ ਹੋਇਆ ਕਿ ਸ੍ਰੀ ਅਕਾਲ ਤਖਤ ਸਾਹਿਬ ਤੇ ਗੁਰੂ ਮਾਹਾਰਾਜ ਜੀ ਦੇ ਚਰਨਾਂ ਵਿੱਚ ਇਸ ਬਾਰੇ ਇਹ ਅਰਦਾਸ ਕੀਤੀ ਜਾਵੇ ਕਿ " ਹੇ ਦੀਨ ਦਿਆਲ ਜੇ ਤਾਂ ਰਾਗ ਮਾਲਾ ਗੁਰਬਾਣੀ ਹੈ ਤਾਂ ਸੋਭਾ ਸਿੰਘ ਜੋ ਇਸ ਦੀ ਨਿੰਦਾ ਕਰਦਾ ਹੈ,ਇਸ ਦੀ ਜ਼ਬਾਨ ਬੰਦ ਹੋ ਜਾਵੇ ਤੇ ਦੁਖੀ ਹੋ ਕੇ ਮਰੇ ਤੇ ਜੇ ਇਹ ਗੁਰਬਾਣੀ ਨਹੀਂ ਹੈ,ਆਲਮ ਦੀ ਕਿਰਤ ਹੈ,ਤਾਂ ਇਸ ਦੀ ਦੇਹ ਅਰੋਗ ਰਹੇ । ਇਕ ਬਰਸ ਤੋਂ ਬਾਦ ਜੇ ਇਸ ਦੀ ਦੇਹ ਅਰੋਗ ਰਹੇ ਤਾਂ ਅਸੀਂ ਰਾਗ ਮਾਲਾ ਪੜ੍ਹਣੀ ਬੰਦ ਕਰ ਦਿਆਂ ਗੇ"। ਇਸ ਅਰਦਾਸੇ ਨੂੰ ਅਜੇ ਥੋੜੇ ਦਿਨ ਹੋਏ ਸਨ ਕਿ ਸਾਧੂ ਸੋਭਾ ਸਿੰਘ ਸਖਤ ਬਿਮਾਰ ਹੋ ਗਏ । ਬਿਮਾਰੀ ਕਾਰਨ ਉਨ੍ਹਾਂ ਦੀ ਜ਼ਬਾਨ ਬੰਦ ਹੋ ਗਈ । ਉਨ੍ਹਾਂ ਨੇ ਹੱਥ ਦੇ ਇਸ਼ਾਰੇ ਨਾਲ ਕਾਗ਼ਜ਼ ਤੇ ਕਲਮ ਦਵਾਤ ਦੀ ਮੰਗ ਕੀਤੀ । ਜਦ ਇਹ ਵਸਤੂਆਂ ਉਨ੍ਹਾਂ ਨੂੰ ਦਿਤੀਆਂ ਗਈਆਂ ਤਾਂ ਉਹ ਬੜੀ ਮੁਸ਼ਕਲ ਨਾਲ ਇਹ ਲਿਖ ਸਕੇ ਕਿ ਜੋ ਅਰਦਾਸ ਸਾਧ ਸੰਗਤ ਨੇ ਉਨ੍ਹਾਂ ਦੇ ਨਾਮ ਦੀ ਕੀਤੀ ਸੀ ਉਸ ਦਾ ਸਬੂਤ ਪ੍ਰਤਖ ਗੁਰੂ ਨੇ ਦਿਖਾ ਦਿਤਾ ਹੈ । "ਰਾਗ ਮਾਲਾ ਗੁਰਬਾਣੀ ਹੈ; ਆਲਮ ਕਿਰਤ ਨਹੀਂ । ਹੁਣ ਮੇਰੇ ਵਲੋਂ ਮਾਫੀ ਦਾ ਅਰਦਾਸਾ ਸੋਧਿਆ ਜਾਵੇ ਤਾਂ ਕਿ ਮੈਂ ਗੁਰੂ ਵਲੋਂ ਮਾਫ ਹੋ ਕੇ ਪਰਲੋਕ ਜਾ ਸਕਾਂ "। ਦਸਿਆ ਜਾਂਦਾ ਹੈ ਕਿ ਇਸੇ ਤਰਾਂ ਹੀ ਕੀਤਾ ਗਿਆ । ਜਿਹੜੀ ਬੀੜ ਉਸ ਵਲੋਂ ਲਿਖੀ ਗਈ ਸੀ ਤੇ ਉਸ ਵਿੱਚ ਰਾਗ ਮਾਲਾ ਦਰਜ ਨਹੀਂ ਕੀਤੀ ਗਈ ਸੀ ਦੁਬਾਰਾ ਉਸ ਵਿੱਚ ਰਾਗ ਮਾਲਾ ਦਰਜ ਕੀਤੀ ਗਈ ।( ਸੋਭਾ ਸਿੰਘ ਬਾਰੇ ਇਹ ਗਲ "ਰਾਗ ਮਾਲਾ ਮੰਡਨ ਪ੍ਰਬੋਧ ਕ੍ਰਿਤ ਸੰਤ ਟਹਿਲ ਸਿੰਘ ਤੇ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਕ੍ਰਿਤ ਗਿਆਨੀ ਨਰਾਇਣ ਸਿੰਘ ਦੀ ਭੂਮਕਾ ਵਿੱਚ ਲਿਖੀ ਹੋਈ ਮਿਲਦੀ ਹੈ । ਇਸੇ ਤਰਾਂ ਦਮਦਮੀ ਟਕਸਾਲ ਦੇ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਭਿੰਡਰਾਂਵਾਲੇ ਗੁਰਬਾਣੀ ਪਾਠ ਦਰਸ਼ਨ ਵਿੱਚ ਲਿਖਦੇ ਹਨ ਕਿ "ਇਹ ਸੰਗਤ ਨੇ ਅਰਦਾਸ ਕਰ ਦਿਤੀ,ਅੱਠ ਦਿਨਾਂ ਤੋਂ ਪਹਿਲਾਂ ਉਸ ਸੋਭਾ ਸਿੰਘ ਦੀ ਜ਼ਬਾਨ ਵਿੱਚ ਕੀੜੇ ਪੈ ਗਏ । ਉਨ੍ਹਾਂ ਫਿਰ ਰਾਗ ਮਾਲਾ ਲਿੱਖ ਕੇ ਅਰਦਾਸ ਕੀਤੀ ਕਿ ਮਹਾਰਾਜ ਜੀ ਮੈਂ ਭੁਲ ਗਿਆ,ਮੈਨੂੰ ਸਾਧ ਸੰਗਤ ਬਖਸ਼ੇ । ਉਸ ਵੇਲੇ ਉਹਦੀ ਅਰਦਾਸ ਕੀਤੀ ਗਈ ਤਾਂ ਫਿਰ ਕੀੜੇ ਹੱਟ ਗਏ"। ਇਸ ਵਾਪਰੀ ਘਟਨਾ ਨੂੰ ਅੱਜ ਦਾ ਪੜ੍ਹਿਆ ਲਿਖਿਆ ਨੌਜਵਾਨ ਵਿਗਿਆਨਕ ਤੇ ਯਥਾਰਥਵਾਦੀ ਰੁਚੀਆਂ ਅਧੀਨ ਮਨਣ ਨੂੰ ਤਿਆਰ ਨਹੀਂ ਹੈ । ਉਹ ਤਾਂ ਕੇਵਲ ਉਸ ਘਟਨਾ ਨੂੰ ਮਨਣ ਲਈ ਤਿਆਰ ਹੁੰਦਾ ਹੈ ਜਿਹੜੀ ਕਿ ਵਿਗਿਆਨਕ ਪਰੋਗਸ਼ਾਲਾ ਵਾਂਘ ਦਿਖਾਈ ਜਾ ਸਕਦੀ ਹੋਵੇ ਪਰ ਰੁਹਾਨੀ ਘਟਨਾਵਾਂ ਨੂੰ ਇਸ ਤਰਾਂ ਦਿਖਾਇਆ ਨਹੀਂ ਜਾ ਸਕਦਾ । ਮਿਸਾਲ ਦੇ ਤੌਰ ਤੇ ਅਜ ਤੋਂ ਤਕਰੀਬਨ ਪੰਜ ਸੌ ਸਾਲ ਤੋਂ ਵੀ ਪਹਿਲਾਂ ਜਦ ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਕਰਦੇ ਹੋਏ ਕਿਸੇ ਜੰਗਲ ਵਿੱਚੋਂ ਭਾਈ ਮਰਦਾਨੇ ਨਾਲ ਲੰਘ ਰਹੇ ਸਨ ਤਾਂ ਭਾਈ ਮਰਦਾਨੇ ਨੂੰ ਭੁੱਖ ਨੇ ਆ ਘੇਰਿਆ । ਗੁਰੂ ਬਾਬੇ ਨੇ ਇਕ ਰੇਠੇ ਦੇ ਦਰਖਤ ਵੱਲ ਇਸ਼ਾਰਾ ਕੀਤਾ ਕਿ ਉਹ ਰੇਠੇ ਖਾ ਕੇ ਆਪਣੀ ਭੁੱਖ ਮਿਟਾ ਲਵੇ । ਭਾਈ ਮਰਦਾਨੇ ਨੇ ਗੁਰੂ ਬਾਬੇ ਦਾ ਹੁਕਮ ਮਨ ਕੇ ਰੇਠੇ ਖਾ ਕੇ ਆਪਣੀ ਭੁੱਖ ਮਿਟਾ ਲਈ । ਉਹ ਰੇਠੇ ਉਸ ਵੇਲੇ ਕੌੜਿਆਂ ਤੋਂ ਮਿੱਠੇ ਹੋ ਗਏ ਜੋ ਕਿ ਹੁਣ ਤਕ ਮਿੱਠੇ ਚਲੇ ਆ ਰਹੇ ਹਨ । ਇਸ ਰੂਹਾਨੀ ਘਟਨਾ ਦੀ ਯਾਦ ਵਿੱਚ ਅਜ ਕਲ ਉਥੇ ਗੁਰਦੁਆਰਾ ਰੇਠਾ ਸਾਹਿਬ ਬਣਿਆ ਹੋਇਆ ਹੈ । ਇਨ੍ਹਾਂ ਪੰਜ ਸੌ ਸਾਲਾਂ ਵਿੱਚ ਵਿਗਿਆਨ ਨੇ ਖੋਜ ਦੀਆਂ ਕਈ ਮੱਲਾਂ ਮਾਰੀਆਂ ਹਨ ਪਰ ਕੋਈ ਵੀ ਵਿਗਿਆਨੀ ਇਹੋ ਜਹੇ ਰੇਠੇ ਦਾ ਬੂਟਾ ਵਿਗਿਆਨਕ ਤੌਰ ਤੇ ਤਿਆਰ ਨਹੀਂ ਕਰ ਸਕਿਆ । ਜਦ ਵੀ ਕੋਈ ਰੂਹਾਨੀ ਘਟਨਾ ਵਾਪਰ ਜਾਂਦੀ ਹੈ ਤਾਂ ਉਸ ਨੂੰ ਵਿਗਿਆਨਕ ਤੌਰ ਤੇ ਯਥਾਰਥਕ ਰੂਪ ਵਿੱਚ ਵਿਖਾਉਣਾ ਅਸੰਭਵ ਹੁੰਦਾ ਹੈ । ਸਾਧੂ ਸੋਭਾ ਸਿੰਘ ਭਾਵੇਂ ਅਰਦਾਸ ਕਾਰਨ ਬਿਮਾਰ ਹੋ ਕੇ ਆਪਣੀ ਜ਼ਬਾਨ ਬੰਦ ਕਰਵਾ ਕੇ ਇਸ ਜਹਾਂਨ ਤੋਂ ਰੁਸਖਤ ਹੋ ਗਿਆ ਪਰ ਉਸ ਤੋਂ ਪਿਛੋਂ ਕਈ ਵਿਅਕਤੀਆਂ ਨੇ ਉਹਦੇ ਨਕਸ਼ੇ ਕਦਮ ਤੇ ਚਲਦਿਆਂ ਉਹੀ ਪਾਪ ਕਰਮ ਕੀਤਾ

ਪਰ ਕਿਸੇ ਹੋਰ ਦੀ ਜ਼ਬਾਨ ਬੰਦ ਹੋਣ ਦੀ ਸੁਚਨਾ ਨਹੀਂ ਪ੍ਰਾਪਤ ਹੋਈ । ਸਾਡੇ ਨੌਜਵਾਨਾਂ ਦੇ ਇਸ ਸਵਾਲ ਦਾ ਜਵਾਬ ਕੋਈ ਸ਼ਰਧਾਲੂ ਵਿਦਿਵਾਨ ਦੇਣ ਦੇ ਅਸਮਰਥ ਹੈ । ਜੇ ਕਰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਅਨ ਇਸ ਪ੍ਰਸ਼ਨ ਨੂੰ ਸਾਹਮਣੇ ਰੱਖ ਕੇ ਕਰੀਏ ਤਾਂ ਸਾਨੂੰ ਇਹ ਗਿਆਨ ਜ਼ਰੂਰ ਹੋ ਜਾਵੇ ਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਜੀਵ ਆਤਮਾ ਚੌਰਾਸੀ ਲੱਖ ਜੂਨਾਂ ਵਿੱਚ ਆਪਣੇ ਕਰਮਾਂ ਅਨੁਸਾਰ ਘੁਮਦੀ ਰਹਿੰਦੀ ਹੈ ਕਿ

"ਲਖ ਚਉਰਾਸੀਹ ਆਪਿ ਉਪਾਇ ॥

ਮਾਨਸ ਜਨਮਿ ਗੁਰ ਭਗਤਿ ਦ੍ਰਿੜਾਇ ॥

(ਗੁਰੂ ਗ੍ਰੰਥ ਸਾਹਿਬ ਅੰਗ-1061)

ਇਹ ਸਾਰਾ ਪਸਾਰਾ ਪਸਾਰ ਕੇ ਵਾਹਿਗੁਰੂ ਅਕਾਲ ਪੁਰਖ ਆਪ ਹੀ ਆਪਣੀ ਖੇਡ ਨੂੰ ਖੇਡਦਾ ਹੋਇਆ ਆਵਾ ਗਵਣ ਦੇ ਚੋਜ਼ ਨੂੰ ਆਪ ਹੀ ਦੇਖ ਰਿਹਾ ਹੈ ਕਿ

"ਸਭ ਬ੍ਰਹਮ ਪਸਾਰੁ ਪਸਾਰਿਓ ਆਪੇ ਖੇਲਤਾ ॥

ਇਹੁ ਆਵਾ ਗਵਣੁ ਰਚਾਇਓ ਕਰਿ ਚੋਜ਼ ਦੇਖਤਾ ॥"

(ਗੁਰੂ ਗ੍ਰੰਥ ਸਾਹਿਬ ਅੰਗ-1095)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇਹ ਵੀ ਸਵੀਕਾਰ ਕਰਦੀ ਹੈ ਕਿ ਪ੍ਰਾਣੀ ਜਦ ਆਪਣਾ ਸਰੀਰ ਤਿਆਗ ਕੇ ਇਸ ਸੰਸਾਰ ਤੋਂ ਜਾਂਦਾ ਹੈ ਤਾਂ ਉਸ ਨੂੰ ਆਪਣੇ ਕਰਮਾ ਦਾ ਲੇਖਾ ਜੋਖਾ ਵੀ ਦੇਣਾ ਪੈਂਦਾ ਹੈ । ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਈ ਵਾਰ ਮਨੁਖ ਨੂੰ ਸਮਝਾਉਣ ਲਈ ਵਰਨਣ ਕੀਤਾ ਗਿਆ ਸਾਨੂੰ ਮਿਲ ਜਾਂਦਾ ਹੈ । ਕੇਵਲ ਆਸਾ ਦੀ ਵਾਰ ਵਿੱਚ ਹੀ ਗੁਰੂ ਨਾਨਕ ਦੇਵ ਜੀ ਘਟੋ ਘੱਟ ਇਸ ਬਾਰੇ ਦੋ ਵਾਰ ਜ਼ਿਕਰ ਕਰਦੇ  ਹਨ ਕਿ

"ਅਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰ ਸਿਧਾਇਆ॥

ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥

ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥

ਥਾਉ ਨ ਹੋਵੀ ਪਉਦਈ ਹੁਣਿ ਸੁਣੀਐ ਕਿਆ ਰੂਆਇਆ ॥

ਮਨਿ ਅੰਧੈ ਜਨਮੁ ਗਵਾਇਆ ॥3॥

(ਆਸਾ ਦੀ ਵਾਰ)

ਅਤੇ

"ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥

ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੇ ਅਗੇ ਜਾਵਣਾ ॥

ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥

ਕਰਿ ਅਉਗਣ ਪਛੋਤਾਵਣਾ ॥14॥

(ਆਸਾ ਦੀ ਵਾਰ)

ਗੁਰ ਇਤਹਾਸ ਵਿੱਚ ਵੀ ਕਈ ਇਹੋ ਜਹੀਆਂ ਸਾਖੀਆਂ ਮਿਲ ਜਾਂਦੀਆਂ ਹਨ ਕਿ ਪਰਾਣੀ ਨੂੰ ਉਸ ਦੇ ਕਰਮਾਂ ਦਾ ਫੱਲ ਕਈ ਜਨਮ ਬੀਤਨ ਤੋਂ ਪਿਛੋਂ ਵੀ ਮਿਲਿਆ ਸੀ । ਉਧਾਰਨ ਦੇ ਤੌਰ ਤੇ ਭਾਈ ਮੂਲੇ ਦੀ ਸਾਖੀ ਤਾਂ ਬਹੁਤ ਸਾਰੇ ਸਿੱਖਾਂ ਨੂੰ ਪਤਾ ਹੀ ਹੈ ਕਿ ਉਸ ਦਾ ਅਕਾਲ ਚਲਾਣਾ ਗੁਰੂ ਨਾਨਕ ਦੇਵ ਜੀ ਦੇ ਕਾਰਨ ਹੋਇਆ ਸੀ ਤੇ ਉਸ ਨੂੰ ਬਖਸ਼ਿਸ ਕਰਨ ਦਾ ਹੁਕਮ ਵੀ ਗੁਰੂ ਨਾਨਕ ਦੇਵ ਜੀ ਨੇ ਦਿਤਾ ਸੀ ਕਿ ਉਸ ਦਾ ਉਧਾਰ ਉਹ ਆਪਣੇ ਦਸਵੇਂ ਜਾਮੇਂ ਵਿੱਚ ਕਰਨ ਗੇ । ਜਦ ਭਾਈ ਮੂਲੇ ਦੇ ਉਧਾਰ ਦਾ ਸਮਾ ਤਕਰੀਬਨ ਦੋ ਢਾਈ ਸੌ ਸਾਲ ਬਾਦ ਆਇਆ ਤਾਂ ਉਹ ਉਸ ਸਮੇ ਇਕ ਖਰਗੋਸ਼ ਦੀ ਜੂਨੀ ਭੋਗ ਰਿਹਾ ਸੀ । ਉਸ ਦਾ ਸ਼ਿਕਾਰ ਕਰ ਕੇ ਦਸਵੇ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦਾ ਕਲਿਆਣ ਕਰ ਕੇ ਗੁਰੂ ਨਾਨਕ ਦੇਵ ਜੀ ਦੇ ਹੁਕਮਾਂ ਦੀ ਪੂਰਤੀ ਕੀਤੀ ਸੀ । ਦਸਵੇਂ ਪਾਤਿਸ਼ਾਹ ਦੇ ਜੀਵਨ ਵਿੱਚ ਇਕ ਇਹੋ ਜਹੀ ਹੋਰ ਘਟਨਾ ਦਾ ਜ਼ਿਕਰ ਸਿੱਖ ਇਤਿਹਾਸ ਵਿੱਚ ਮਿਲਦਾ ਹੈ ਕਿ ਜਦ ਸੱਚੇ ਪਾਤਿਸ਼ਾਹ ਪਾਉਂਟਾ ਸਾਹਿਬ ਵਿਖੇ ਰਹਿ ਰਹੇ ਸਨ ਤਾਂ ਉਸ ਸਮੇ ਰਾਜਾ ਮੇਦਨੀ ਪ੍ਰਕਾਸ਼ ਦਾ ਝਗੜਾ ਉਸ ਦੇ ਗੁਆਂਡੀ ਰਾਜੇ ਫਤਹ ਸ਼ਾਹ ਨਾਲ ਚਲ ਰਿਹਾ ਸੀ । ਗੁਰੂ ਮਹਾਰਾਜ ਜੀ ਨੇ ਇਨ੍ਹਾਂ ਦੋਵਾਂ ਦਾ ਝਗੜਾ ਮੁਕਾ ਕੇ ਉਨ੍ਹਾ ਵਿੱਚ ਮਿਤਰਤਾ ਦੀ ਭਾਵਨਾ ਪੈਦਾ ਕਰ ਦਿਤੀ । ਦੋਵੇ ਰਾਜੇ ਕੁਝ ਸਮੇ ਲਈ ਗੁਰੂ ਸਾਹਿਬ ਪਾਸ ਹੀ ਰੁੱਕ ਗਏ । ਰੋਜ਼ਾਨਾ ਸ਼ੇਰ ਦੇ ਸ਼ਿਕਾਰ ਲਈ ਹਾਥੀਆਂ ਤੇ ਸਵਾਰ ਹੋ ਕੇ ਇਹ ਤਿਨੇ ਜਾਇਆ ਕਰਦੇ ਸਨ । ਉਨ੍ਹੀ ਦਿਨੀ ਉਸ ਇਲਾਕੇ ਵਿੱਚ ਕਾਫੀ ਗਿਣਤੀ ਵਿੱਚ ਸ਼ੇਰ ਮੌਜੂਦ ਸਨ । ਇਕ ਦਿਨ ਇਲਾਕੇ ਦੇ ਪਤਵੰਤੇ ਗੁਰੂ ਮਹਾਰਾਜ ਜੀ ਪਾਸ ਆ ਕੇ ਬੇਨਤੀ ਕਰਨ ਲਗੇ ਕਿ ਇਸ ਇਲਾਕੇ ਵਿੱਚ ਇਕ ਖੂਨਖਾਰ ਸ਼ੇਰ ਆ ਗਿਆ ਹੈ ਜਿਸ ਨੇ ਬਹੁਤ ਸਾਰੇ ਪਸੂਆਂ ਨੂੰ ਮਾਰ ਕੇ ਖਾ ਲਿਆ ਹੈ ਤੇ ਕੁਝ ਮਨੁਖਾਂ ਨੂੰ ਵੀ ਉਹ ਖਾ ਚੁਕਾ ਹੈ । ਲੋਕ ਉਸ ਤੋਂ ਡਰਦੇ ਆਪਣੇ ਘਰਾਂ ਚੋਂ ਬਾਹਰ ਨਹੀਂ ਨਿਕਲਦੇ । ਕਿਰਪਾ ਕਰਕੇ ਉਸ ਸ਼ੇਰ ਨੂੰ ਮਾਰ ਕੇ ਇਲਾਕੇ ਦੇ ਲੋਕਾਂ ਦਾ ਕਲਿਆਣ ਕਰਨ ਦੀ ਮੇਹਰ ਕਰੋ । ਮਹਾਰਾਜ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਅਗਲੇ ਦਿਨ ਇਸੇ ਹੀ ਸ਼ੇਰ ਦਾ ਸ਼ਿਕਾਰ ਕਰਨ ਗੇ । ਅਗਲੇ ਦਿਨ ਜਦ ਮਹਾਰਾਜ ਆਪਣੇ ਦੋ ਸਾਥੀ ਰਾਜਿਆਂ ਨਾਲ ਹਾਥੀ ਤੇ ਸਵਾਰ ਹੋ ਕੇ ਸ਼ੇਰ ਦਾ ਸਿਕਾਰ ਕਰਨ ਲਈ ਗਏ ਤਾਂ ਸ਼ੇਰ ਵੀ ਅਗੋਂ ਗਜ਼ਦਾ ਬੜਕਾਂ ਮਾਰਦਾ ਹੋਇਆ ਮਹਾਰਾਜ ਜੀ ਵੱਲ ਨੂੰ ਵੱਧਣ ਲਗ ਪਿਆ । ਮਹਾਰਾਜ ਸ਼ੇਰ ਨੂੰ ਵੇਖ ਕੇ ਝੱਟ ਹੀ ਹਾਥੀ ਤੋਂ ਹੇਠਾਂ ਜ਼ਮੀਨ ਤੇ ਉਤਰ ਆਏ ।ਰਾਜਿਆਂ ਨੇ ਮਹਾਰਾਜ ਜੀ ਨੂੰ ਕਿਹਾ ਕਿ ਉਹ ਫਿਰ ਹਾਥੀ ਦੇ ਉਪਰ ਹੀ ਆ ਜਾਣ ਕਿਉਂਕਿ ਸ਼ੇਰ ਬੜਾ ਖਤਰਨਾਕ ਹੈ ਜਿਸ ਨੂੰ ਹਾਥੀ ਤੇ ਸਵਾਰ ਹੋ ਕੇ ਹੀ ਮਾਰਿਆ ਜਾ ਸਕਦਾ ਹੈ । ਗੁਰੂ ਮਹਾਰਾਜ ਜੀ ਨੇ ਕਿਸੇ ਦੀ ਨਹੀਂ ਸੁਣੀ ਤੇ ਝੱਟ ਹੀ ਸ਼ੇਰ ਦੇ ਸਾਹਮਣੇ ਆਪਣੀ ਢਾਲ ਤੇ ਕਿਰਪਾਣ ਲੈ ਕੇ ਖੜੇ ਹੋ ਗਏ । ਜਦ ਸ਼ੇਰ ਨੇ ਮਹਾਰਾਜ ਤੇ ਝਪਟਾ ਮਾਰਿਆ ਤਾਂ ਮਹਾਰਾਜ ਜੀ ਨੇ ਝੱਟ ਹੀ ਬੀਰ ਆਸਨ ਵਿੱਚ ਬੈਠ ਕੇ ਸ਼ੇਰ ਨੂੰ ਆਪਣੀ ਢਾਲ ਤੇ ਰੋਕ ਲਿਆ ਤੇ ਆਪਣੀ ਕਿਰਪਾਣ ਨਾਲ ਸ਼ੇਰ ਦਾ ਸੀਨਾ ਚੀਰ ਦਿਤਾ ਤੇ ਸ਼ੇਰ ਨੂੰ ਪਟਕਾ ਕੇ ਸੁੱਟ ਲਿਆ । ਇਹ ਦਿਰਸ਼ ਵੇਖ ਕੇ ਰਾਜੇ ਤੇ ਉਨ੍ਹਾਂ ਦੀਆਂ ਫੌਜਾਂ ਦੇ ਜਰਨੈਲ ਗੁਰੂ ਮਹਾਰਾਜ ਜੀ ਦੀ ਸੂਰਵੀਰਤਾ ਵੇਖ ਕੇ ਬੜੇ ਅਸਚਰਜ ਹੋ ਗਏ । ਸੇਰ ਦੀ ਆਤਮਾ ਜਹਿੜੀ ਮਹਾਰਾਜ ਜੀ ਦੇ ਇੱਕ ਵਾਰ ਨਾਲ ਹੀ ਉਸ ਦੇ ਸਰੀਰ ਤੋਂ ਵੱਖ ਹੋ ਚੁਕੀ ਸੀ ਝੱਟ ਹੀ ਇਕ ਪੁਰਾਤਨ ਮੁਕਤਧਾਰੀ ਰਾਜੇ ਦਾ ਰੂਪ ਧਾਰਨ ਕਰ ਕੇ ਮਹਾਰਾਜ ਜੀ ਨੂੰ ਨਮਸਕਾਰ ਕਰਦੀ ਹੋਈ ਬੋਲੀ ਕਿ ਉਹ ਮਹਾਂ ਭਾਰਤ ਦੇ ਸਮੇ ਤੋਂ ਪਸੂ ਜੂਨੀਆਂ ਵਿੱਚ ਵਿਚਰ ਰਿਹਾ ਹੈ । ਉਸ ਦਾ ਨਾਮ ਮਹਾਭਾਰਤ ਦੇ ਸਮੇ ਜੈਦਰਥ ਸੀ ਤੇ ਉਹ ਪਾਂਡਵਾਂ ਦੇ ਵਿਰੁਧ ਕੋਰਵਾਂ ਦੀ ਸਹਾਇਤਾ ਕਰ ਰਿਹਾ ਸੀ ਕਿ ਉਸ ਨੇ ਛਲ ਕਰ ਕੇ ਅਭਮਨੂੰ ਨੂੰ 7 ਮਹਾਂ ਰਥੀਆਂ ਦੁਆਰਾ ਜੰਗ ਦੇ ਸਾਰੇ ਅਸੂਲਾਂ ਦਾ ਤਿਆਗ ਕਰ ਕੇ ਮਰਵਾਇਆ ਸੀ । ਸ੍ਰੀ ਕ੍ਰਿਸ਼ਨ ਦੇ ਕਹਿਣ ਤੇ ਇਕ ਜੋਧੇ ਨੇ ਉਸ ਨੂੰ ਵੀ ਮਾਰ ਦਿਤਾ ਸੀ । ਉਹ ਮਰਨ ਉਪਰੰਤ ਹਜ਼ਰਾਂ ਸਾਲਾਂ ਤੋਂ ਪਸੂ ਜੂਨੀਆਂ ਵਿੱਚ ਭਟਕਦਾ ਆ ਰਿਹਾ ਹੈ । ਹੁਣ ਮੇਰਾ ਤੁਸਾਂ ਨੇ ਉਧਾਰ ਕੀਤਾ ਹੈ ।( ਇਹ ਕਹਾਣੀ ਕਵਿ ਚੂੜਾਮਣਿ ਭਾਈ ਸੰਤੋਖ ਜੀ ਰਚਿਤ ਸੂਰਜ ਪ੍ਰਕਾਸ਼ ਵਿੱਚ ਦਰਜ ਹੈ ਜਿਸ ਦਾ ਵਾਰਤਕ ਟੀਕਾ ਗਿਆਨੀ ਗਿਆਨ ਸਿੰਘ ਜੀ ਨੇ ਕੀਤਾ ਹੈ "ਤਵਾਰੀਖ ਗੁਰੂ ਖਾਲਸਾ" ਹਿੱਸਾ ਤੀਜਾ ਅਰਥਾਤ "ਸ੍ਰੀ ਦਸਮ ਗੁਰ ਚਮਤਕਾਰ" )

ਵੱਖ ਵੱਖ ਜੂਨੀਆਂ ਵਿੱਚ ਫਿਰਨ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਬੜੀ ਸਪਸ਼ਟਤਾ ਨਾਲ ਦਸਦੇ ਹਨ ਕਿ ਜਦ ਪ੍ਰਾਣੀ ਦੇ ਮਨ ਵਿੱਚ ਉਸ ਦੇ ਕਰਮਾਂ ਕਾਰਨ ਪੈਦਾ ਹੋਏ ਖਿਆਲ ਪ੍ਰਾਣੀ ਦੇ ਅੰਤ ਕਾਲ ਤਕ ਪੁਜ ਜਾਂਦੇ ਹਨ ਤਾਂ ਜੇ ਕਰ ਉਹ ਪ੍ਰਾਣੀ ਆਪਣੇ ਖਿਆਲਾਂ ਨੂੰ ਕਰਮਾਂ ਦੇ ਅਧਾਰ ਤੇ ਜਿਸ ਰੂਪ ਵਿੱਚ ਯਾਦ ਕਰਦਾ ਹੈ ਤਾਂ ਉਸ ਦੀ ਆਤਮਾ ਆਪਣੇ ਕਰਮਾਂ ਅਨੁਸਾਰ ਪ੍ਰਾਣੀ ਦੇ ਖਿਆਲਾਂ ਦੇ ਅਧਾਰ ਤੇ ਵੱਖ ਵੱਖ ਜੂਨੀਆਂ ਵਿੱਚ ਭਟਕਨ ਲੱਗ ਜਾਂਦੀ ਹੈ ਜਿਸ ਕਾਰਨ ਪ੍ਰਾਣੀ ਨੂੰ ਹਰ ਸਮੇ ਵਾਹਿਗੁਰੂ ਅਕਾਲ ਪੁਰਖ ਦਾ ਹੀ ਸਿਮਰਨ ਕਰਦੇ ਰਹਿੰਣਾ ਚਾਹੀਦਾ ਹੈ ਤਾਂ ਕਿ ਉਹ ਆਪਣਾ ਉਧਾਰ ਕਰ ਸਕੇ ਕਿ

"ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥1॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬੇਸਵਾ ਜੋਨਿ ਵਲਿ ਵਲਿ ਅਉਤਰੈ ॥2॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸੂਕਰ ਜੋਨਿ ਵਲਿ ਵਲਿ ਅਉਤਰੈ ॥3॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥4॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਭਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥5॥2॥"
(ਗੁਰੂ ਗ੍ਰੰਥ ਸਾਹਿਬ ਅੰਗ-526)

ਇਸ ਲਈ ਹਰ ਕਰਮ ਕਰਨ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਇਹ ਸ਼ਬਦ ਯਾਦ ਰਖਣੇ ਚਾਹੀਦੇ ਹਨ ਕਿ

"ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ ॥

ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥

ਮੰਦਾ ਮੂਲਿ ਨ ਕੀਚਈ ਜੇ ਲੰਮੀ ਨਦਰਿ ਨਿਹਾਲੀਐ ॥

ਜਿਉ ਸਾਹਿਬ ਨਾਲਿ ਨ ਹਾਰੀਐ ਤੇ ਵੇਹਾ ਪਾਸਾ ਢਾਲੀਐ ॥

ਕਿਛੁ ਲਾਹੇ ਉਪਰਿ ਘਾਲੀਐ ॥"

(ਆਸਾ ਦੀ ਵਾਰ)

ਸਾਧੂ ਸੋਭਾ ਸਿੰਘ ਬਾਰੇ ਸੰਗਤ ਵਲੋਂ ਕੀਤੀ ਗਈ ਅਰਦਾਸ ਦੇ ਫਲਸਰੂਪ ਉਨ੍ਹਾ ਨੂੰ ਤੁਰੰਤ ਹੀ ਗੁਰੂ ਮਹਾਰਾਜ ਜੀ ਨੇ ਉਨ੍ਹਾਂ ਦੇ ਕਰਮ ਦਾ ਫਲ਼ ਦੇ ਦਿਤਾ ਪਰ ਉਨ੍ਹਾ ਵਲੋਂ ਭਾਈ ਸੰਤੋਖ ਸਿੰਘ ਨੂੰ ਲਿਖਵਾਈ ਹੋਈ ਲਿਖਤ ਮਿਟਾਈ ਨਾ ਜਾ ਸਕੀ ਕਿਉਂਕਿ ਭਾਈ ਸੰਤੋਖ ਸਿੰਘ ਦਾ ਅਕਾਲ ਚਲਾਣਾ ਸਾਧੂ ਸੋਭਾ ਸਿੰਘ ਤੋਂ ਕੁਝ ਸਾਲ ਪਹਿਲਾਂ ਹੀ ਹੋ ਗਿਆ ਸੀ ਜਿਸ ਕਾਰਨ ਉਹ ਆਪਣੀ ਲਿਖਤ ਵਿੱਚ ਸੁਧਾਈ ਨਾ ਕਰ ਸਕੇ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਬਹੁਤ ਸਾਰੇ ਇਤਹਾਸਕਾਰ ਭਾਈ ਸੰਤੋਖ ਸਿੰਘ ਦੀ ਗਲਤੀ ਨੂੰ ਹੀ ਦੁਹਰਾਈ ਗਏ । ਇਸ ਵਿਵਾਦ ਨੂੰ ਫਿਰ ਬਾਬੂ ਤੇਜਾ ਸਿੰਘ ਭਸੌੜ ਨੇ ਪੈਦਾ ਕਰ ਦਿਤਾ । ਬਾਬੂ ਤੇਜਾ ਸਿੰਘ ਭਸੌੜ ਇਕ ਪ੍ਰਕਾਰ ਦਾ ਅੰਗਰੇਜ਼ ਸਰਕਾਰ ਦਾ ਕਰਮਚਾਰੀ ਸੀ ਜਿਸ ਨੂੰ ਸਿੱਖ ਦੁਸ਼ਮਣੀ ਲਈ ਬਾਕਾਇਦਾ ਆਰਥਕ ਸਹਾਇਤਾ ਦਿਤੇ ਜਾਣ ਦਾ ਪਤਾ ਚਲਦਾ ਹੈ । ਅੰਗਰੇਜ਼ ਸਰਕਾਰ ਦੀ ਸਹਾਇਤਾ ਨਾਲ ਉਹ ਇਕ ਸਕੂਲ ਤੇ ਇਕ ਪਰਿਟਿੰਗ ਪ੍ਰੈਸ ਵੀ ਚਲਾ ਰਿਹਾ ਸੀ । ਅੰਗਰੇਜ਼ ਇਹ ਮਹਿਸੂਸ ਕਰਦੇ ਸਨ ਕਿ ਸਿੱਖ ਆਪਣੀ ਧਾਰਮਕ,ਰਾਜਸੀ, ਸਮਾਜਕ ਤੇ ਵਿਹਾਰਕ ਸ਼ਕਤੀ ਗੁਰਬਾਣੀ ਤੋਂ ਪ੍ਰਾਪਤ ਕਰਦੇ ਹਨ ਜਿਸ ਦਾ ਮੇਨ ਧੁਰਾ ਮਾਨਸਕ ਤੇ ਆਤਮਕ ਉਚਤਾ ਦੇ ਦੁਆਲੇ ਘੁਮਦਾ ਹੈ । ਇਸ ਲਈ ਸਿੱਖਾਂ ਵਿਚ ਇਖਲਾਕੀ ਤੇ ਧਾਰਮਕ ਕੁਰੀਤੀਆਂ ਤੇ ਭ੍ਰਿਸ਼ਟਾਚਾਰ ਧਸੌੜਨ ਲਈ ਇਹ ਜਰੂਰੀ ਹੈ ਕਿ ਸਿੱਖਾਂ ਦੇ ਮਨਾਂ ਵਿਚ ਗੁਰਬਾਣੀ ਬਾਰੇ ਸ਼ਕੂਕ ਪੈਦਾ ਕੀਤੇ ਜਾਣ ਤੇ ਗੁਰਬਾਣੀ ਨੂੰ ਜਿਥੋਂ ਕਿ ਇਹ ਆਤਮਕ ਸ਼ਕਤੀ ਪ੍ਰਾਪਤ ਕਰਦੇ ਹਨ ਉਸ ਨੂੰ ਘਟਾਇਆ ਤੇ ਤੋੜਿਆਂ ਮਰੋੜਿਆ ਜਾਵੇ । ਇਸ ਮੰਤਵ ਵਿਚ ਸ. ਤੇਜਾ ਸਿੰਘ ਭਸੌੜ ਵਲੋਂ ਅੰਗਰੇਜ਼ ਸਰਕਾਰ ਦੀ ਕਾਫੀ ਸਹਾਇਤਾ ਕੀਤੇ ਜਾਣ ਦਾ ਪਤਾ ਚਲਦਾ ਹੈ ਕਿਉਂਕਿ ਸ੍. ਭਸੌੜ ਆਪਣੇ ਮਾਲਕ ਅੰਗਰੇਜ਼ ਨੂੰ ਹਰ ਕੀਮਤ ਤੇ ਖੁਸ਼ ਕਰਨਾ ਚਾਹੁੰਦਾ ਸੀ । ਇਸ ਬਾਰੇ ਇਕ ਪ੍ਰਸਿੱਧ ਅੰਗਰੇਜ਼ ਲਿਖਾਰੀ ਤੇ ਹਾਕਮ ਮੈਕਾਲਿਫ ਨੇ 13 ਫਰਵਰੀ ਸਨ 1899 ਨੂੰ ਸ੍ਰੀ ਅਕਾਲ ਤਖਤ ਸਾਹਿਬ ਪੁਜ ਕੇ ਇਕ ਲੈਕਚਰ ਦਿਤਾ ਸੀ । ਮੈਕਾਲਿਫ ਦੇ ਲੈਕਚਰ ਦਾ ਵਿਸ਼ਾ ਸੀ " ਗੁਰੂ ਗ੍ਰੰਥ ਸਾਹਿਬ ਤੇ ਉਸ ਦੇ ਅਨੁਵਾਦ" । ਆਪਣੇ ਲੈਕਚਰ ਵਿੱਚ ਮੈਕਾਲਿਫ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਸੰਸਾ ਕਰਦਿਆ ਪੰਜਾਬੀ ਵਿੱਚ ਇਹ ਸਬਦ ਉਧਾਰਨਾਂ ਦੇ ਕੇ ਕਹੇ ਕਿ ਕਿ ਸੰਸਾਰ ਦੇ ਜਿਤਨੇ ਵੀ ਧਰਮ ਗ੍ਰੰਥ ਹਨ ਉਹ ਉਨ੍ਹਾਂ ਦੇ ਵੱਡੇ ਬੁਨਿਆਦ ਰਖਣ ਵਾਲੇ ਧਰਮ ਗੁਰੂਆਂ ਤੋਂ ਕਈ ਸਾਲ ਪਿਛੋਂ ਲਿਖੇ ਗਏ ਹਨ ਜਦ ਕਿ ਉਨ੍ਹਾਂ ਦੇ ਵੱਡੇ ਧਰਮ ਗੁਰੂਆਂ ਨੇ ਕਦੇ ਕੋਈ ਅੱਖਰ ਲਿਖਿਆ ਹੀ ਨਹੀਂ ਪਰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜੋ ਬਾਣੀ ਦਰਜ ਹੈ ਉਹ ਸਿੱਖਾਂ ਦੇ ਧਰਮ ਗੁਰੂਆਂ ਦੀ ਆਪਣੀ ਹੱਥ ਲਿਖਤ ਹੈ । ਇਸ ਤੋਂ ਪਿਛੋਂ ਮੈਕਾਲਿਫ ਇਹ ਸ਼ਬਦ ਕਹਿ ਕੇ ਸਿੱਖ ਇਤਿਹਾਸਕਾਰਾਂ ਨੂੰ ਰਾਗ ਮਾਲਾ ਬਾਰੇ ਸੇਧ ਦੇ ਰਿਹਾ ਹੈ ਕਿ

**"It is not understood  how it was included in the sacred volume The ragas mentioned in it do not correspound with the ragas of the Granth Sahib"**

ਕਿ ਮੇਰੀ ਇਹ ਸਮਝ ਵਿੱਚ ਇਹ ਗਲ ਨਹੀ ਆਉਂਦੀ ਕਿ ਕਿਸ ਤਰੀਕੇ ਨਾਲ ਇਹ (ਰਾਗ ਮਾਲਾ)ਸ੍ਰੀ ਗੁਰੂ ਵਿੱਚ ਸ਼ਾਮਲ ਹੋਈ ਹੈ । ਇਸ ਵਿੱਚ ਦਰਸਾਏ ਗਏ ਰਾਗਾਂ ਦਾ ਮੇਲ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਸੇ ਗਏ ਰਾਗਾਂ ਨਾਲ ਨਹੀਂ ਰਲਦਾ । ਰਾਗ ਮਾਲਾ ਦੇ ਵਿਰੋਧੀ ਅਜ ਵੀ ਮੈਕਾਲਿਫ ਦੇ ਇਹੀ ਕਥਨ ਦੁਹਰਾ ਰਹੇ ਹਨ ।

ਗੁਰਬਾਣੀ ਵਿੱਚ ਭੁਲੇਖੈ ਪੈਦਾ ਕਰਨ ਲਈ ਸਭ ਤੋਂ ਪਹਿਲਾਂ ਸਿੱਖਾਂ ਦੀਆਂ ਉਨ੍ਹਾਂ ਬਾਣੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਜਿਹੜੀਆਂ ਕਿ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੀਆਂ ਜਾਂਦੀਆਂ ਹਨ ਤੇ ਨਿਤਨੇਮ ਵਿਚ ਸ਼ਾਮਲ ਹਨ । ਸਿੱਖ ਇਤਹਾਸ ਅਨੁਸਾਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਜਦ ਅੰਮ੍ਰਿਤ ਤਿਆਰ ਕੀਤਾ ਸੀ ਤਾਂ ਅੰਮ੍ਰਿਤ ਤਿਆਰ ਕਰਨ ਤੋਂ ਪਹਿਲਾਂ ਮਹਾਰਾਜ ਜੀ ਨੇ ਚੰਡੀ ਦੀ ਵਾਰ ਦਾ ਪਾਠ ਕੀਤਾ ਸੀ । ਇਸ ਬਾਣੀ ਦੇ ਪਾਠ ਨੂੰ ਬਿਲਕੁਲ ਹੀ ਹਟਾ ਦਿਤਾ ਗਿਆ । ਅੰਮ੍ਰਿਤ ਤਿਆਰ ਕਰਨ ਸਮੇ 'ਬੇਂਨਤੀ ਚੌਪਈ' ਦਾ ਪਾਠ ਵੀ ਕੀਤਾ ਜਾਂਦਾ ਹੈ ਤੇ ਇਹ ਬਾਣੀ ਨਿਤਨੇਮ ਦੀਆਂ ਬਾਣੀਆਂ ਵਿਚ ਵੀ ਰਹਿਰਾਸ ਦੇ ਨਾਲ ਪੜ੍ਹੀ ਜਾਂਦੀ ਹੈ । ਇਸ ਬਾਣੀ ਦੀਆਂ 27 ਪਉੜੀਆਂ ਤੇ ਇਕ ਅੜਿਲ ਹੈ ਜਿਸ ਨੂੰ ਸ਼ਾਮਲ ਕਰਨ ਨਾਲ ਇਸ ਦੀਆਂ 28 ਪਉੜੀਆਂ ਬਣ ਜਾਂਦੀਆਂ ਹਨ । ਜੇ ਕਰ ਅਗਲੀ ਚੌਪਈ ਜਿਸ ਵਿਚ ਗ੍ਰੰਥ ਦੇ ਰਚਨ ਕਾਲ ਤੇ ਅਸਥਾਨ ਦਾ ਵਰਨਣ ਕੀਤਾ ਗਿਆ ਹੈ ਸ਼ਾਮਲ ਕਰ ਲਈਏ ਤਾਂ ਇਹ ਗਿਣਤੀ 29 ਤਕ ਪੁਜ ਜਾਂਦੀ ਹੈ । ਇਹ ਬਾਣੀ ਦਸਮ ਗ੍ਰੰਥ ਵਿਚ ਚਰਿਤ੍ਰੋ ਪਖਿਆਨ ਦੀ ਆਖਰੀ ਬਾਣੀ ਹੈ ਜਿਸ ਦਾ ਅੰਗ ਨੰਬਰ 376 ਤੋਂ ਸ਼ੁਰੂ ਹੋ ਕੇ 405 ਤੇ ਸਮਾਪਤ ਹੁੰਦਾ ਹੈ । ਇਸ ਬਾਣੀ ਨੂੰ ਕੂਟਨੀਤਕ ਚਾਲਾਂ ਅਧੀਨ ਘਟਾ ਕੇ ਕੇਵਲ 25 ਵੇਂ ਅੰਗ ਤੇ ਹੀ ਸਮਾਪਤ ਕਰ ਦਿਤਾ ਜਾਂਦਾ ਹੈ । ਇਸ ਦੀ ਸਭ ਤੋਂ ਪਹਿਲਾਂ ਤਬਦੀਲੀ ਸ. ਤੇਜਾ ਸਿੰਘ ਭਸੌੜੀਏ ਦੇ ਲੜਕੇ ਰਾਮ ਸਿੰਘ ਵਲੋਂ ਦਸਮ ਗ੍ਰੰਥ ਨਿਰਣੇ ਵਿਚ ਕੀਤੀ ਹੋਈ ਮਿਲਦੀ ਹੈ । ਇਸ ਤੋਂ ਪਹਿਲਾਂ ਕਿਸੇ ਵੀ ਲਿਖਤ ਵਿਚ ਇਹ ਤਬਦੀਲੀ ਨਹੀਂ ਮਿਲਦੀ ਪਰ ਅਜ ਇਹ ਬਾਣੀ 'ਚੌਪਈ ਬੇਂਨਤੀ' ਤਕਰੀਬਨ ਹਰ ਛਪੇ ਹੋਏ ਗੁਟਕੇ ਵਿਚ 25 ਵੇਂ ਅੰਗ ਤਕ ਹੀ ਲਿਖੀ ਹੋਈ ਮਿਲਦੀ ਹੈ । ਕੇਵਲ ਨਿਹੰਗ ਸਿੰਘਾਂ ਜਾਂ ਗੋਬਿੰਦ ਸਦਨ ਤੇ ਕੁਝ ਸੰਪਰਦਾਵਾਂ ਵਲੋਂ ਛਾਪੇ ਗਏ ਗੁਟਕਿਆ ਵਿਚ ਇਸ ਦਾ ਪੂਰਨ ਸਰੂਪ ਮਿਲਦਾ ਹੈ । ਇਸ ਬਾਰੇ ਦਸਿਆ ਜਾਂਦਾ ਹੈ ਕਿ ਜਿਥੇ ਇਹ ਬਾਣੀ ਪਹਿਲਾਂ ਤੇਜਾ ਸਿੰਘ ਭਸੌੜ ਦੇ ਛਾਪੇ ਖਾਨੇ ਵਿਚ ਘਟਾਈ ਗਈ ਉਥੇ ਜਦ ਤੇਜਾ ਸਿੰਘ ਭਸੌੜ ਦਾ ਇਕ ਸਾਥੀ ਸਰਕਾਰੀ ਸਹਾਇਤਾ ਨਾਲ ਗਿਆਨੀ ਕਰਤਾਰ ਸਿੰਘ ਕਲਸੀਵਾਲੀਆ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਹੈਡ ਗ੍ਰੰਥੀ ਦੀ ਪਦਵੀ ਤੇ ਲਗਾ ਤਾਂ ਉਸ ਨੇ ਵੀ ਸ.ਤੇਜਾ ਸਿੰਘ ਦੇ ਇਸ਼ਾਰੇ ਤੇ ਅੰਗਰੇਜ਼ ਸਰਕਾਰ ਨੂੰ ਖੁਸ਼ ਕਰਨ ਲਈ ਚੌਪਈ ਬੇੇਂਨਤੀ ਵਿਚ ਆਖਰੀ ਪਉੜੀਆਂ ਘਟਾ ਕੇ ਇਸ ਨੂੰ 25 ਪਉੜੀਆਂ ਤਕ ਸੀਮਤ ਕਰ ਦਿਤਾ । ਇਹ ਕੁਰੀਤੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਾਪੇ ਜਾ ਰਹੇ ਹੁਣ ਤਕ ਨਿਤਨੇਮ ਦੇ ਹਰ ਗੁਟਕੇ ਵਿਚ ਵੇਖੀ ਜਾ ਸਕਦੀ ਹੈ । ਇਸੇ ਤਰਾਂ ਰਹਿਰਾਸ ਨੂੰ ਵੀ ਛੋਟੀ ਕਰ ਦਿਤਾ ਗਿਆ ਹੈ । ਅਨੰਦ ਸਾਹਿਬ ਜੀ ਦੀਆਂ 40 ਪਉੜੀਆਂ ਦੇ ਪਾਠ ਦੀ ਬਜਾਏ ਹੁਣ ਕੇਵਲ ਪਹਿਲੀਆਂ ਪੰਜ ਪਉੜੀਆਂ ਤੇ ਆਖਰੀ 40ਵੀਂ ਪਉੜੀ ਦੇ ਪਾਠ ਦਾ ਹੀ ਰਵਾਜ਼ ਪਾ ਦਿਤਾ ਗਿਆ ਹੈ । ਇਸ ਤੋਂ ਬਿਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਲਿਖੇ ਹੋਏ ਦੋਹਰੇ ਨਾਲੋਂ ਮਹਲਾ 10,ਵੀ ਖਤਮ ਕਰ ਦਿਤਾ ਗਿਆ ਹੈ ਜਦ ਕਿ ਪੁਰਾਤਨ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਵਿੱਚ ਇਹ ਦੋਹਰਾ ਇਸ ਤਰਾਂ ਲਿਖਿਆਂ ਮਿਲਦਾ ਹੈ ਕਿ

"॥ਦੋਹਰਾਮ:10॥<ਸਤਿਗੁਰਪ੍ਰਸਾਦਿ॥
ਬਲਿਹਉਬੰਦਨਛੁਟੇਸਭਕੁਛਹੋਤਉਪਾਇ॥ਕਉਨਾਨਕਸਭਿਕਿਛਤੁਮਰੇਹਾਥਮੇਤੁਮਹਹਿਤਿਸਹਾਇ॥"
(19ਵੀਂ ਸਦੀ ਈ.ਦੀ ਲਿਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੱਥ ਲਿਖਤ ਬੀੜ ਵਿੱਚੋਂ)

ਅਜ ਕਲ ਤਾਂ ਗਿਆਨੀ ਕਰਤਾਰ ਸਿੰਘ ਕਲਸਾਵਾਲੀਆ ਦੇ ਬਹੁਤ ਸਾਰੇ ਚੇਲੇ ਸ੍ਰੋਮਣੀ ਗੁਰਦੂਆਰਾ ਪ੍ਰਬੰਧਕ ਕਮੇਟੀ ਵਿੱਚ ਦਾਖਲ ਹੋ ਚੁਕੇ ਦਿਖਾਈ ਦੇ ਰਹੇ ਹਨ ।

ਇਸੇ ਤਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬਾਣੀ ਜਪੁ ਜੀ ਸਾਹਿਬ ਦੀਆਂ ਵੀ ਆਖਰੀ ਦੋ ਪਉੜੀਆਂ ਘਟਾਉਣ ਦੀ ਚਰਚਾ ਚਲਾਈ ਜਾ ਰਹੀ ਹੈ । ਬਾਣੀ ਨੂੰ ਇਸ ਤਰਾਂ ਘਟਾਉਣ ਦਾ ਕਾਰਨ ਇਹ ਸਮਝਿਆ ਜਾਂਦਾ ਹੈ ਕਿ ਬਾਣੀ ਦਾ ਸੰਪੂਰਨ ਰੂਪ ਵਿਚ ਹੀ ਪਾਠ ਕਰਨ ਨਾਲ ਪਾਠ ਕਰਨ ਵਾਲੇ ਨੂੰ ਆਤਮਕ ਉਚਤਾ ਦਾ ਲਾਭ ਪ੍ਰਾਪਤ ਹੋ ਸਕਦਾ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਦਾ ਆਸਾ ਦੀ ਵਾਰ ਵਿਚ ਇਹ ਕਥਨ ਹੈ ਕਿ

"ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥"
(ਆਸਾ ਦੀ ਵਾਰ)

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਸਮਝਾਉਣ ਲਈ ਕਿਰਸਾਨੀ ਦੀ ਉਧਾਰਨਾ ਦਿਤੀ ਹੈ ਕਿ ਜਿਸ ਤਰਾਂ ਕਿਸੇ ਖੇਤ ਵਿਚ ਸਾਬਤ ਬੀਜ ਬੀਜਿਆ ਜਾਂਦਾ ਹੈ ,ਕੋਈ ਵੀ ਕਿਰਸਾਨ ਬੀਜ ਨੂੰ ਦੋਫਾੜ ਕਰ ਕੇ ਉਸ ਦੀ ਦਾਲ ਬਣਾ ਕੇ ਨਹੀਂ ਬੀਜਦਾ ਕਿਉਂਕਿ ਦਾਲ ਕਦੇ ਵੀ ਉਗਾਈ ਨਹੀਂ ਜਾ ਸਕਦੀ । ਕੇਵਲ ਸਾਬਤ ਬੀਜ ਹੀ ਉਗਦਾ ਹੈ । ਇਸੇ ਤਰਾਂ ਮਨ ਰੂਪੀ ਖੇਤੀ ਵਿਚ ਬਾਣੀ ਦਾ ਪਰਵੇਸ਼ ਕਰਵਾਉਣ ਲਈ ਪੂਰੀ ਬਾਣੀ ਦਾ ਹੀ ਪਾਠ ਕਰਨ ਨਾਲ ਆਤਮਕ ਫਲ ਦੀ ਪ੍ਰਾਪਤੀ ਹੋ ਸਕਦੀ ਹੈ । ਅਧੂਰੀ ਬਾਣੀ ਪੜ੍ਹਣ ਨਾਲ ਜਾਂ ਨਾ ਬਾਣੀ ਪੜ੍ਹਣ ਨਾਲ ਆਤਮਕ ਉਚਤਾ ਨੂੰ ਪ੍ਰਾਪਤ ਕਰਨਾ ਕਠਨ ਹੈ । ਸੰਪੂਰਨ ਰੂਪ ਵਿਚ ਸੁਧ ਬਾਣੀ ਹੀ ਵਾਹਿਗੁਰੂ ਅਕਾਲ ਪੁਰਖ ਦਾ ਸਿਮਰਨ ਹੈ ਜਿਸ ਨੂੰ ਗੁਰੂ ਸਾਹਿਬ ਮਨੁਖੀ ਮਨ ਦੀ ਖੁਰਾਕ ਦਸਦੇ ਹਨ ਕਿ  "ਮਨ ਕਾ ਤੋਸਾ ਹਰਿਨਾਮੁ ਹੈ" । ਜਿਸ ਤਰਾਂ ਪੂਰੀ

ਖੁਰਾਕ ਹੀ ਸਾਡੇ ਸਰੀਰ ਲਈ ਜਰੂਰੀ ਹੈ ਉਸੇ ਤਰਾਂ ਬਾਣੀ ਵੀ ਸੰਪੂਰਨ ਰੂਪ ਵਿਚ ਸਾਡੇ ਮਨ ਲਈ ਜਰੂਰੀ ਹੈ । ਇਹੀ ਕਾਰਨ ਸੀ ਕਿ ਸਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਨੂੰ ਗੁਰੂ ਘਰ ਵਿਚੋਂ ਕੇਵਲ ਇਕ ਅੱਖਰ ਗੁਰਬਾਣੀ ਦਾ ਬਦਲਣ ਕਾਰਨ ਛੇਕ ਦਿਤਾ ਸੀ ਤੇ ਸਾਰੀ ਉਮਰ ਉਸ ਨੂੰ ਮੂੰਹ ਨਹੀਂ ਲਾਇਆ ਸੀ ਪਰ ਅਜ ਅਸੀਂ ਗੁਰਬਾਣੀ ਦੇ ਕਈ ਸ਼ਬਦ ਹੀ ਆਪਣੇ ਨਿਜੀ ਸਵਾਰਥਾਂ ਲਈ ਬਦਲੀ ਜਾ ਰਹੇ ਹਾਂ ਜਿਸ ਨਾਲ ਸਿੱਖੀ ਵਿਚੋਂ ਆਤਮਕ ਸ਼ਕਤੀ ਅਲੋਪ ਹੁੰਦੀ ਜਾ ਰਹੀ ਹੈ । ਇਥੋਂ ਤਕ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਕਈ ਅਧਿਕਾਰੀ ਵੈਬ ਸਾਈਟ ਤੇ ਗੁਰੂ ਨਾਨਕ ਦੇਵ ,ਗੁਰੂ ਅੰਗਦ ਦੇਵ ਅਤੇ ਗੁਰੂ ਅਰਜਨ ਦੇਵ ਦੇ ਨਾਵਾਂ ਨਾਲੋਂ ਦੇਵ ਸ਼ਬਦ ਹੀ ਹਟਾ ਰਹੇ ਹਨ ਹਾਲਾਂ ਕਿ ਗੁਰੂ ਨਾਨਕ ਦੇਵ ਤੇ ਗੁਰੂ ਅਰਜਨ ਦੇਵ ਜੀ ਦੇ ਨਾਮ ਸਾਨੂੰ ਗੁਰੂ ਗ੍ਰੰਥ ਵਿੱਚ ਲਿਖੇ ਹੋਏ ਮਿਲ ਜਾਂਦੇ ਹਨ ਕਿ

"ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਬਿੰਦ ਰੂਪ ॥"(ਗੁਰੂ ਗ੍ਰੰਥ ਸਾਹਿਬ ਅੰਗ-1192)

ਅਤੇ

"ਜਪਉ ਜਿਨ੍ਹ ਅਰਜਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥"(ਗੁਰੂ ਗ੍ਰੰਥ ਸਾਹਿਬ ਅੰਗ-1409)

ਇਸ ਤਰਾਂ ਅਸੀ ਆਪਣੇ ਆਪ ਹੀ ਬਿਨਾ ਕਿਸੇ ਦੀ ਮਨਜੂਰੀ ਦੇ ਗੁਰਬਾਣੀ ਵਿੱਚ ਤਬਦੀਲੀ ਕਰੀ ਜਾ ਰਹੇ ਹਾਂ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਕਾਸ਼ਤ ਗੁਟਕਿਆਂ ਵਿਚ ਦੇਖੇ ਜਾਂ ਅਣਦੇਖੇ ਰੂਪ ਵਿਚ ਅਸ਼ੁਧ ਬਾਣੀ ਦੇ ਕਈ ਸ਼ਬਦ ਲਿਖੀ ਜਾ ਰਹੇ ਹਾਂ । ਇਸੇ ਤਰਾਂ ਦਸਮ ਗ੍ਰੰਥ ਦਾ ਪ੍ਰਕਾਸ ਜੋ ਕਿ ਉਸ ਸਮੇ ਹਰਿਮੰਦਰ ਸਾਹਿਬ ,ਅੰਮ੍ਰਿਤਸਰ ਤੇ ਸ੍ਰੀ ਅਕਾਲ ਤਖਤ ਸਾਹਿਬ ਕੀਤਾ ਜਾਂਦਾ ਸੀ ਸਨ 1932 ਵਿਚ ਅੰਗਰੇਜ਼ ਦੇ ਇਸ਼ਾਰੇ ਤੇ ਇਹ ਕਹਿ ਕੇ ਬੰਦ ਕਰ ਦਿਤਾ ਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬ੍ਰਾਬਰ ਹੋਰ ਕਿਸੇ ਗ੍ਰੰਥ ਦਾ ਪ੍ਰਕਾਸ਼ ਨਹੀਂ ਹੋ ਸਕਦਾ । ਇਹ ਪ੍ਰਚਾਰ ਤੇ ਇਹ ਰੁਚੀ ਹੁਣ ਤਕ ਚਲਦੀ ਆ ਰਹੀ ਹੈ ਜਦ ਕਿ ਕੁਝ ਸ਼ਰਾਰਤੀ ਅਨਾਸਰ ਤਖਤ ਸ੍ਰੀ ਜਨਮ ਅਸਥਾਨ ਪਟਨਾ ਸਾਹਿਬ ਤੇ ਤਖਤ ਸ੍ਰੀ ਸੱਚ ਖੰਡ ਹਜੂਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿਚ ਦਸਮ ਗ੍ਰੰਥ ਦਾ ਪ੍ਰਕਾਸ ਬੰਦ ਕਰਵਾਉਣ ਲਈ ਇਹੀ ਦਲੀਲ ਦੇ ਕੇ ਪ੍ਰਚਾਰ ਕਰ ਰਹੇ ਹਨ । ਇਸ ਤਰਾਂ ਕਰਨ ਨਾਲ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਬਾਣੀ ਤੋਂ ਮੁਨਕਰ ਹੋ ਰਹੇ ਹਾਂ । ਇਹ ਸਾਡੀ ਇਤਨੀ ਵੱਡੀ ਭੁਲ ਹੈ ਕਿ ਅਸੀਂ ਮੀਰੀ ਪੀਰੀ ਅਤੇ ਸੰਤ ਸਿਪਾਹੀ ਦੇ ਸਿੱਧਾਂਤ ਤੋਂ ਅਮਲੀ ਤੌਰ ਤੇ ਜਿਥੇ ਭਟਕਦੇ ਜਾ ਰਹੇ ਹਾਂ ਉਥੇ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ ਤੇ ਫਿਰ ਦਸਾਂ ਪਾਤਿਸ਼ਾਹੀਆਂ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਵਿੱਚ ਬਿਰਾਜਵਾਨ ਜੋਤ ਦੀਆਂ ਵੀ ਵੰਡੀਆ ਪਾ ਰਹੇ ਹਾਂ । ਹਰ ਸਿੱਖ ਇਹ ਭਰੋਸਾ ਰਖਦਾ ਹੈ ਕਿ ਗੁਰੂ ਅਰਜਨ ਦੇਵ ਜੀ ਤੇ ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਜਾਂ ਦਸਾਂ ਪਾਤਿਸ਼ਾਹੀਆਂ ਵਿੱਚ ਇਕ ਹੀ ਜੋਤ ਬਾਬੇ ਨਾਨਕ ਦੀ ਹੀ ਕੰਮ ਕਰਦੀ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਕ ਪੁਜਦੀ ਹੈ ।

ਤੇਜਾ ਸਿੰਘ ਭਸੌੜ ਨੇ ਪਹਿਲਾਂ ਸਨ 1907-08 ਵਿੱਚ ਇਕ ਪੁਸਤਕ ਛਾਪੀ ਜਿਸ ਦਾ ਨਾਮ ਉਨ੍ਹਾਂ ਨੇ "ਖਾਲਸਾ ਰਹਿਤ ਪ੍ਰਕਾਸ਼" ਰਖਿਆ । ਇਸ ਨਾਲ ਖਾਲਸਾ ਪੰਥ ਵਿੱਚ ਤੇਜਾ ਸਿੰਘ ਵਿਰੁਧ ਬੜਾ ਸਖਤ ਰੋਸ ਪੈਦਾ ਹੋਇਆ । ਫਿਰ ਜਦ 1917 -18 ਵਿੱਚ ਭਸੌੜੀਆਂ ਨੇ ਇਸ ਵਿਵਾਦ ਨੂੰ ਫਿਰ ਖੜਾ ਕਰਨ ਦਾ ਯਤਨ ਕੀਤਾ ਤਾਂ ਉਸ ਸਮੇ ਤੱਕ ਇਹ ਸਿੱਧ ਹੋ ਚੁਕਾ ਸੀ ਕਿ ਕਵੀ ਆਲਮ ਦੀ "ਕਾਮ ਕੰਦਲਾ"ਦੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇ ਹੋਈ ਹੈ । ਗੁਰੂ ਅਰਜਨ ਦੇਵ ਜੀ ਦੇ ਸਮੇ ਆਲਮ ਨਾਮ ਦਾ ਕੋਈ ਵਿਅਕਤੀ ਹੋਇਆ ਹੀ ਨਹੀਂ ਤਾਂ ਇਹ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾਂ ਜਾਂ ਉਸ ਸਮੇ ਰਚੀ ਹੀ ਨਹੀਂ ਜਾ ਸਕਦੀ ਸੀ । ਇਸ ਸਮੇ ਭਸੌੜੀਆਂ ਨੇ ਗੁਰਬਾਣੀ ਵਿੱਚ ਤਬਦੀਲੀ ਕਰਨ ਲਈ ਕਈ ਪਾਪੜ ਵੇਲੇ । ਉਨ੍ਹਾਂ ਨੇ ਅਰਦਾਸ ਵਿੱਚ ਤਬਦੀਲੀ ਲਿਆਂਦੀ;ਗੁਰ ਮੰਤਰ ਵਿੱਚ ਭੰਨ ਤੋੜ ਕੀਤੀ, < ਦਾ ਮਨਮਤੀ ਢੰਗ ਨਾਲ ਪ੍ਰਚਾਰ ਸ਼ੁਰੂ ਕਰ ਦਿਤਾ,ਅੰਮ੍ਰਿਤ ਦੀ ਮਰਯਾਦਾ ਵਿੱਚ ਤਬਦੀਲੀ ਲਿਆਂਦੀ ਤੇ ਆਪਣੀ ਮਨ ਮਰਜ਼ੀ ਦੀ ਬਾਣੀ ਚੁਣ ਕੇ ਲਿਖੀ ਜਿਸ ਵਿੱਚੋਂ ਰਾਗ ਮਾਲਾ ਨੂੰ ਕੱਢ ਦਿਤਾ ਗਿਆ ਸੀ । ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖ ਕੇ ਜਰਮਨ ਤੋਂ ਛਪਵਾ ਕੇ ਲਿਆਉਣ ਦਾ ਯਤਨ ਕੀਤਾ ਗਿਆ ਤਾਂ ਕਿ ਉਸ ਬੀੜ ਨੂੰ ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਵਲੋਂ ਲਿਖਵਾਈ ਗਈ ਬੀੜ ਦਸ ਕੇ ਖਾਲਸਾ ਪੰਥ ਨੂੰ ਗੁਮਰਾਹ ਕੀਤਾ ਜਾ ਸਕੇ । ਇਸ ਤੋਂ ਬਿਨਾ ਵਿਦਿਆਰਥੀਆਂ ਲਈ ਜਾਰੀ ਕੀਤੇ ਗਏ ਕੋਰਸਾਂ ਦੇ ਨਾਮ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਘਟਾ ਕੇ ਤੇ ਨਾਲ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਰਿਲਾ ਮਿਲਾ ਕੇ ਪੁਸਤਕਾਂ ਛਾਪਣ ਦਾ ਪ੍ਰਬੰਧ ਕੀਤਾ ਗਿਆ । ਇਸ ਨਾਲ ਪੰਥ ਵਿੱਚ ਉਨ੍ਹਾਂ ਵਿਰੁਧ ਬੜਾ ਰੋਸ ਪੈਦਾ ਹੋ ਗਿਆ । ਸ੍ਰੀ ਅਕਾਲ ਤਖਤ ਸਾਹਿਬ ਵਲੋਂ ਤੇਜਾ ਸਿੰਘ ਤੇ ਉਸ ਦੀ ਪਤਨੀ ਬੀਬੀ ਨਰਿੰਜਨ ਕੌਰ ਨੂੰ ਖਾਲਸਾ ਪੰਥ ਵਿੱਚੋਂ ਛੇਕਣ ਦਾ ਹੁਕਮ ਨਾਮਾ 9 ਅਗਸਤ 1928 ਨੂੰ ਜਾਰੀ ਕਰ ਦਿਤਾ ਗਿਆ । ਤੇਜਾ ਸਿੰਘ ਵੀ ਰਾਗੀ ਦਰਸ਼ਨ ਸਿੰਘ ਦੀ ਤਰਾਂ ਸ੍ਰੀ ਅਕਾਲ ਤਖਤ ਸਾਹਿਬ ਤੇ ਪੇਸ਼ ਨਹੀਂ ਹੋਏ ਸਨ । ਦਸਿਆ ਜਾਂਦਾ ਹੈ ਕਿ ਤੇਜਾ ਸਿੰਘ ਵੀ ਕਾਫੀ ਦੁਖ ਭੋਗਦਾ ਹੋਇਆ ਇਸ ਜਹਾਨ ਫਾਨੀ ਤੋਂ ਰੁਖਸਤ ਹੋਇਆ ਸੀ । ਜੋ ਕੰਮ ਭਸੌੜੀਏ ਨਹੀਂ ਕਰ ਸਕੇ ਉਹ ਕੰਮ ਖੁਦ ਅਕਾਲੀ ਦਲ ਦੇ ਕਈ ਮੈਂਬਰ ਕਰਨ ਲਈ ਤਿਆਰ ਹੋ ਗਏ ਤੇ ਇਹ ਪ੍ਰਚਾਰ ਸ਼ੁਰੂ ਕਰ ਦਿਤਾ ਗਿਆ ਕਿ ਰਾਗ ਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਿਛੋਂ ਗੁਰੂ ਘਰ ਵਿੱਚੋਂ ਧ੍ਰਿਕਾਰੇ ਤੇ ਕਢੇ ਗਏ ਰਾਮਰਾਈਆਂ ਜਾਂ ਧੀਰ ਮਲੀਆਂ ਨੇ ਸ਼ਾਮਲ ਕੀਤੀ ਹੈ । ਇਹ ਪ੍ਰਚਾਰ ਕਰਨ ਵਾਲੇ ਇਹ ਭੁਲ ਗਏ ਕਿ ਜੇ ਕਰ ਰਾਮਰਾਈਆਂ ਜਾਂ ਧਰਿ ਮਲੀਆਂ ਨੇ ਇਸ ਨੂੰ

ਸ਼ਾਮਲ ਕੀਤਾ ਹੁੰਦਾ ਤਾਂ ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਾਈ ਬਾਬਾ ਪ੍ਰਿਥੀ ਚੰਦ ਅਤੇ ਉਸ ਦੇ ਪੁਤਰ ਬਾਬਾ ਮੇਹਰਬਾਨ ਦੀ ਬਾਣੀ ਕਿਉਂ ਦਰਜ ਨਹੀਂ ਕੀਤੀ । ਬਾਬਾ ਪ੍ਰਿਥੀ ਚੰਦ ਤੇ ਮੇਹਰਬਾਨ ਨੇ ਵੀ ਆਪਣਾ ਇਕ ਬਾਣੀ ਦਾ ਗ੍ਰੰਥ ਉਸ ਵੇਲੇ ਬਣਾ ਲਿਆ ਸੀ ਜਿਸ ਵਿੱਚ ਗੁਰੂ ਨਾਨਕ ਦੇਵ ਜੀ ਦੇ ਨਾਮ "ਨਾਨਕ"ਦੀ ਵਰਤੋਂ ਉਹ ਕਰਦੇ ਸਨ । ਇਸ ਤੋਂ ਬਿਨਾ ਭਾਈ ਬਨੋ ਵਾਲੀ ਬੀੜ ਵੀ ਭਾਈ ਗੁਰਦਾਸ ਜੀ ਵਲੋਂ ਲਿਖੀ ਹੋਈ ਬੀੜ ਦਾ ਉਤਾਰਾ ਮੌਜੂਦ ਸੀ ਜਿਸ ਨੂੰ ਪ੍ਰਵਾਨਗੀ ਗੁਰੂ ਅਰਜਨ ਦੇਵ ਜੀ ਵਲੋਂ ਮਿਲੀ ਹੋਈ ਸੀ ਤੇ ਜਿਸ ਤੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਦਸਖਤ ਤੇ ਮੋਹਰ ਵੀ ਮੌਜੂਦ ਹਨ । ਇਸ ਬੀੜ ਵਿੱਚ ਵੀ ਰਾਗ ਮਾਲਾ ਮੌਜੂਦ ਦਸੀ ਜਾਂਦੀ ਹੈ । ਅਕਾਲੀ ਦਲ ਦੇ ਮੈਂਬਰਾਂ ਵਲੋਂ ਕੀਤੇ ਜਾਂਦੇ ਪ੍ਰਚਾਰ ਕਾਰਨ ਬਹੁਤ ਸਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਇਸ ਪ੍ਰਚਾਰ ਮੁਹਿਮ ਵਿੱਚ ਸ਼ਾਮਲ ਹੋ ਗਏ ਤੇ ਭਸੌੜੀਆਂ ਦੀ ਬੋਲੀ ਬੋਲਦੇ ਹੋਏ ਇਹ ਪ੍ਰਚਾਰ ਕਰਨ ਲਗ ਪਏ ਕਿ ਰਾਗ ਮਾਲਾ ਦੇ ਸਿਰਲੇਖ ਵਿੱਚ ਕੋਈ ਮਹਲਾ ਨਹੀਂ ਲਿਖਿਆ ਜਿਸ ਤੋਂ ਇਹ ਪਤਾ ਲਗ ਸਕੇ ਕਿ ਇਹ ਕਿਸ ਗੁਰੂ ਸਾਹਿਬ ਜੀ ਦੀ ਰਚਨਾ ਹੈ ਤੇ ਨਾ ਹੀ ਅੰਤ ਵਿੱਚ "ਨਾਨਕ" ਛਾਪ ਹੈ । ਇਸ ਸਮੇ ਤਕ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦ ਕੋਟ ਵਾਲਾ ਟੀਕਾ ਵੀ ਛੱਪ ਚੁਕਾ ਸੀ ਜਿਸ ਵਿੱਚ "ਮੁਦਾਵਣੀ" ਪਦ ਦੇ ਅਰਥ ਮੋਹਰ ਛਾਪ ਦਿਤੇ ਹੋਏ ਸਨ ਜਿਸ ਦਾ ਭਾਵ ਭਸੌੜੀਆਂ ਦੇ ਪ੍ਰਭਾਵ ਹੇਠ ਇਹੋ ਕਢਿਆ ਜਾਣਾ ਠੀਕ ਠੀਕ ਸਮਝਿਆ ਗਿਆ ਹੈ । ਜਦ ਕਿ ਫਰੀਦ ਕੋਟ ਵਾਲੇ ਟੀਕੇ ਦੀਆਂ ਹੋਰ ਗਲਾਂ ਵਲ ਧਿਆਨ ਨਾ ਦਿਤਾ ਗਿਆ । ਫਰੀਦ ਕੋਟ ਵਾਲੇ ਟੀਕੇ ਵਿੱਚ ਇਹ ਵੀ ਪ੍ਰੰਪਰਾਵਾਦੀ ਕਹਾਣੀ ਦਰਜ ਹੈ ਕਿ ਜਦ ਗੁਰੂ ਅਰਜਨ ਦੇਵ ਜੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਪੂਰਨ ਕਰਵਾ ਚੁਕੇ ਤਾਂ ਅਗੰਮੀ ਰੂਪ ਵਿੱਚ ਉਨ੍ਹਾਂ ਦੇ ਚਰਣਾਂ ਵਿੱਚ 30 ਰਾਗ ਪਰੀਆਂ ਆਪਣੇ 6 ਪਤੀਆਂ(ਰਾਗਾਂ) ਤੇ 48 ਪੁਤਰਾਂ(ਰਾਗਾਂ) ਸਮੇਤ ਆ ਹਾਜ਼ਰ ਹੋਈਆਂ ਤੇ ਬੇਨਤੀ ਕੀਤੀ ਕਿ ਆਪ ਜੀ ਨੇ ਬੜੀ ਕਿਰਪਾ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਰਾਗਾਂ ਵਿੱਚ ਲਿਖਵਾ ਕੇ ਸਾਡਾ ਮਾਨ ਵਧਾਇਆ ਹੈ ਪਰ ਆਪ ਜੀ ਨੇ ਇਹ ਵਰਨਣ ਨਹੀਂ ਕੀਤਾ ਕਿ ਕਿਸ ਰਾਗ ਦੀ ਕੌਣ ਇਸਤ੍ਰੀ ਹੈ ਤੇ ਕੌਣ ਪੁਤਰ ਹੈ ਜਿਸ ਕਾਰਨ ਸਾਡੀ ਸਾਰਿਆਂ ਦੀ ਪਛਾਣ ਕਿਸ ਤਰਾਂ ਹੋ ਸਕੇ ਗੀ । ਗੁਰੂ ਮਹਾਰਾਜ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਣ ਕਰ ਕੇ ਭਾਈ ਗੁਰਦਾਸ ਜੀ ਨੂੰ ਹੁਕਮ ਕੀਤਾ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿੱਚ ਇਨ੍ਹਾਂ ਬਾਰੇ ਵੀ ਲਿਖਣ । ਗੁਰੂ ਜੀ ਦਾ ਹੁਕਮ ਮਨ ਕੇ ਭਾਈ ਗੁਰਦਾਸ ਜੀ ਨੇ ਰਾਗ ਮਾਲਾ ਨੂੰ ਆਖਰੀ ਅੰਗ ਤੇ ਲਿਖ ਦਿਤਾ । ਜਦ ਗੁਰੂ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਨੂੰ ਇਹ ਪੁਛਿਆ ਕਿ ਕਿਹੜੇ ਕਿਹੜੇ ਰਾਗ ਇਥੇ ਹਾਜ਼ਰ ਹੋਏ ਹਨ ਤੇ ਇਨ੍ਹਾ ਨਾਲ ਕੌਣ ਕੌਣ ਇਥੇ ਹਾਜ਼ਰੀ ਲਵਾ ਰਿਹਾ ਹੈ ਤਾਂ ਇਸ ਦਾ ਉਤਰ ਭਾਈ ਗੁਰਦਾਸ ਜੀ ਨੇ ਰਾਗ ਮਾਲਾ ਦੇ ਪਹਿਲੇ ਸਲੋਕ ਵਿੱਚ ਇਸ ਤਰਾਂ ਦਿਤਾ ਕਿ

"ਰਾਗ ਏਕ ਸੰਗਿ ਪੰਚ ਬਰੰਗਨ ॥

ਸੰਗਿ ਅਲਾਪਹਿ ਆਠਉ ਨੰਦਨ ॥"

ਅਰਥਾਤ ਹਰ ਇਕ ਰਾਗ ਨਾਲ ਪੰਜ ਪੰਜ ਉਨ੍ਹਾਂ ਦੀਆਂ ਬਰੰਗਨਾਂ (ਇਸਤਰੀਆਂ) ਹਨ ਤੇ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਅੱਠ ਅੱਠ ਪੁਤਰ ਹਨ । ਇਸ ਤੋਂ ਪਿਛੋਂ ਭਾਈ ਸਾਹਿਬ ਜੀ ਨੇ ਗੁਰੂ ਸਾਹਿਬ ਜੀ ਦੇ ਹਜ਼ੂਰ ਹਾਜ਼ਰ ਹੋਏ ਛੇ ਰਾਗ ਤੇ ਉਨ੍ਹਾਂ ਦੀਆਂ ਪੰਜ ਪੰਜ ਪਤਨੀਆਂ ਤੇ ਅੱਠ ਅੱਠ ਪੁਤ੍ਰਾਂ ਦੇ ਨਾਮ ਲਿਖ ਦਿਤੇ । ਇਸ ਤਰਾਂ ਇਸ ਜੋੜ ਵਿੱਚ ਛੇ ਰਾਗ ਤੇ 30 ਉਨ੍ਹਾਂ ਦੀਆਂ ਪਤਨੀਆਂ ਅਤੇ 48 ਪੁਤਰਾਂ ਦੇ ਨਾਮ ਰਾਗ ਮਾਲਾ ਵਿੱਚ ਦਰਜ ਕਰ ਦਿਤੇ ਗਏ । (ਪੁਰੀ ਕਥਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਰਦਾਈ ਸਟੀਕ ਵੇਖੀ ਜਾ ਸਕਦੀ ਹੈ )ਇਸ ਗਿਣਤੀ ਨੂੰ ਭਾਈਗੁਰਦਾਸ ਜੀ ਨੇਰਾਗ ਮਾਲਾ ਦੀਆਂ ਆਖਰੀ ਪੰਗਤੀਆਂ ਵਿੱਚ ਇਸ ਤਰਾਂ ਲਿਖਿਆ ਹੈ ਕਿ

"ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥

ਸਭੈ ਪੁਤ੍ਰ ਰਾਗੰਨ ਕੈ ਅਠਾਰਹ ਦਸ ਬੀਸ ॥"

ਰਾਗ ਰਤਨ ਤੇ ਉਨ੍ਹਾਂ ਦੇ ਪਰਵਾਰਾਂ ਦਾ ਵਰਨਣ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਵੀ ਮਿਲ ਜਾਂਦਾ ਹੈ ਕਿ

"ਰਾਗ ਰਤਨ ਪਰਵਾਰ ਪਰੀਆ ਸਬਦ ਗਾਵਿਣ ਆਈਆ ।

ਸ਼ਬਦੋਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥" (ਅਨੰਦੁ ਸਾਹਿਬ)

"ਮੁਦਾਵਣੀ" ਪਦ ਦੇ ਅਰਥ ਮੋਹਰ ਛਾਪ ਬਹੁਤ ਸਾਰੇ ਸਿੱਖ ਵਿਦਵਾਨਾ ਵਲੋਂ ਪ੍ਰਵਾਣ ਕਰ ਲੀਤੇ ਗਏ ਸਨ ਜਿਸ ਕਾਰਨ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਹ ਹਦਾਇਤਾਂ ਜਾਰੀ ਕਰ ਦਿਤੀਆਂ ਗਈਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ "ਮੁਦਾਵਣੀ" ਤੇ ਹੀ ਪਾਇਆ ਜਾਵੇ ਪਰ ਰਾਗ ਮਾਲਾ ਤੋਂ ਬਿਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਕੋਈ ਨਾ ਛਾਪੇ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਸ ਫੈਸਲੇ ਕਾਰਨ ਸਿੱਖਾਂ ਵਿੱਚ ਸ਼੍ਰੋਮਣੀ ਕਮੇਟੀ ਵਿਰੁਧ ਬੜਾ ਤੂਫਾਨ ਉਠ ਖੜਾ ਹੋ ਗਿਆ । ਹਰ ਪਾਸੇ  ਤੋਂ ਇਸ ਫੇਸਲੇ ਨੂੰ ਵਾਪਸ ਲੈਣ ਲਈ ਜ਼ੋਰ ਵਧਣਾ ਸ਼ੁਰੂ ਹੋ ਗਿਆ । ਕਈ ਵਿਦਵਾਨਾਂ ਨੇ ਤਾਂ ਇਥੋਂ ਤਕ ਲਿਖਣਾ ਸ਼ੁਰੂ ਕਰ ਦਿਤਾ ਕਿ ਰਾਗ ਮਾਲਾ ਤੋਂ ਬਿਨਾ ਗੁਰੂ ਗ੍ਰੰਥ ਸਾਹਿਬ ਜੀ ਅਧੂਰੇ ਹਨ । ਰਾਗ ਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਗੁਰੂ ਦਾ ਅੰਗ ਹੈ ਜਿਸ ਨੂੰ ਖਤਮ ਕਰਨਾ ਕੋਈ ਵੀ ਸਿੱਖ ਸਹਿਣ ਨਹੀਂ ਕਰ ਸਕਦਾ । ਇਸ ਬਾਰੇ ਸਿੱਖ ਵਿਦਵਾਨ ਭਾਈ ਵੀਰ ਸਿੰਘ ਵਲੋਂ ਨੋਟ ਕੀਤਾ ਗਿਆ ਕਿ "ਮੁਦਾਵਣੀ" ਬਾਰੇ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੋਰਠ ਰਾਗ ਵਿੱਚ ਅੰਗ 645 ਵਿੱਚ ਵੀ ਦਰਜ ਹੈ । ਜੇ ਮੁਦਾਵਣੀ ਦਾ ਅਰਥ ਮੋਹਰ ਛਾਪ ਕੀਤਾ ਜਾਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਸੋਰਠ ਰਾਗ ਤੇ ਹੀ ਪਾਉਣਾ ਚਾਹੀਦਾ ਹੈ । ਭਾਈ ਸਾਹਿਬ ਕਈ ਬੋਲੀਆਂ ਦੇ ਵਿਦਵਾਨ ਸਨ ਇਸ ਲਈ ਉਨ੍ਹਾਂ ਨੇ ਪੰਜਾਬ ਦੀਆਂ ਪ੍ਰਾਂਤਕ ਤੇ ਹਿੰਦੀ ਬੋਲੀ ਦੀ ਹਰ ਉਪ-ਬੋਲੀ ਵਿੱਚ ਮੁਦਾਵਣੀ ਦੇ ਅਰਥ ਲਭਣੇ ਸ਼ੁਰੂ ਕਰ ਦਿਤੇ । ਭਾਈ ਵੀਰ ਸਿੰਘ ਜੀ ਨੇ ਨੋਟ ਕੀਤਾ ਕਿ "ਮੁਦਾਵਣੀ" ਦਾ ਸ਼ਬਦ ਪੋਠੋਹਾਰ ਦੀ ਬੋਲੀ ਵਿੱਚ ਆਮ ਮਿਲਦਾ ਹੈ ਜਿਸ ਦਾ ਅਰਥ ਬੁਝਾਰਤ,ਅੜਾਉਣੀ ਤੇ ਭੇਦ ਭਰੀ ਗੱਲ ਦਸਿਆ ਜਾਂਦਾ ਹੈ । ਪੋਠੋਹਾਰ ,ਪੰਜਾਬੀ ਦੀ ਇਕ ਉਪ-ਭਾਸ਼ਾ ਹੈ ਜਿਸ ਵਿੱਚ ਇਹ ਸ਼ਬਦ ਆਮ ਬੋਲ ਚਾਲ ਦੀ ਵਰਤੋਂ ਵਿੱਚ ਮਿਲਦਾ ਹੈ ਕਿ 'ਸਿੱਧੀ ਗਲ ਕਰ ਐਵੇਂ ਮੁਦਾਵਣੀ ਕਿਉਂ ਪਾਈ ਜਾਨਾਂ ਏ'। ਪੰਜਾਬ ਦੇ ਕਈ ਇਲਾਕਿਆਂ ਵਿੱਚ 50-60ਸਾਲ ਪਹਿਲਾਂ ਇਹ ਰਵਾਜ਼ ਹੁੰਦਾ ਸੀ ਕਿ ਜਦ ਕੋਈ ਜੰਞ ਕਿਸੇ ਦੇ ਘਰ ਢੁੱਕਦੀ ਸੀ ਤੇ ਜੰਞ ਦੀ ਪਹਿਲੀ ਰੋਟੀ ਖਾਨ ਸਮੇ ਜਦ ਥਾਲਾਂ ਵਿੱਚ ਭੋਜਨ ਪਰੋਸਿਆ ਜਾਂਦਾ ਸੀ ਜੋ ਕਿ ਆਮ ਤੌਰ ਤੇ ਤਿਨ ਪ੍ਰਕਾਰ ਦਾ ਹੁੰਦਾ ਸੀ । ਇਸ ਸਮੇ ਲੜਕੀ ਵਾਲੇ ਪਾਸੇ ਤੋਂ ਬੀਬੀਆਂ ਗਾਉਂਦੀਆਂ ਹੋਈਆਂ ਮੁਦਾਣੀ ਪਾਕੇ ਜੰਞ ਨੂੰ ਬਨ੍ਹ ਦੇਂਦੀਆ ਸਨ । ਮੁੰਡੇ ਵਾਲੇ ਪਾਸੇ ਤੋਂ ਜਦ ਤਕ ਕੋਈ ਜਾਂਞੀ ਮੁਦਾਣੀ ਦਾ ਜਵਾਬ ਨਹੀਂ ਦੇਂਦਾ ਉਤਨਾ ਚਿਰ ਜੰਞ ਰੋਟੀ ਨਹੀਂ ਖਾ ਸਕਦੀ ਸੀ । ਇਹ ਵਿਵਾਹ ਸਮੇ ਖੁਸ਼ੀਆਂ ਤੇ ਮਸ਼ਕਰੀਆਂ ਭਰਪੂਰ ਪੰਜਾਬੀ ਸਭਿਅਤਾ ਦਾ ਇਕ ਅੰਗ ਸਮਝਿਆ ਜਾਂਦਾ ਸੀ ਜਿਹੜਾ ਕਿ ਅਜੋਕੇ ਕਾਲ ਵਿੱਚ ਬਿਲਕੁਲ ਹੀ ਲੁਪਤ ਹੋ ਚੁਕਾ ਹੈ । ਗੁਰੂ ਅਮਰਦਾਸ ਜੀ ਮਹਾਰਾਜ ਨੇ ਸੋਰਠ ਰਾਗ ਵਿੱਚ ਇਕ ਸਲੋਕ ਦੀ ਰਚਨਾ ਕਰਕੇ ਮੁਦਾਵਣੀ ਪਾਉਂਦੇ ਸਮੇ ਜੰਞ ਦੇ ਤਿਨ ਪ੍ਰਕਾਰ ਦੇ ਪਰੋਸੇ ਹੋਏ ਭੋਜਨ ਦਾ ਵਰਨਣ ਕੀਤਾ ਹੈ ਤੇ ਇਹ ਨਹੀਂ ਦਸਿਆ ਕਿ ਥਾਲ ਕਿਹੜਾ ਹੈ ਜਿਸ ਵਿੱਚ ਕਿਹੜੀਆਂ ਤਿਨ ਭੋਜਨ ਦੀਆਂ ਵਸਤਾਂ ਪਈਆਂ ਹਨ । ਇਸ ਮੁਦਾਵਣੀ ਨੂੰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿੱਚ ਆਪਣੇ ਇਕ ਸ਼ਬਦ ਤੋਂ ਪਹਿਲਾਂ ਮੁਦਾਵਣੀ ਰਾਹੀ ਤੀਸਰੇ ਗੁਰੂ ਸਾਹਿਬ ਵਲੋਂ ਪਾਈ ਗਈ ਮੁਦਾਵਣੀ (ਬੁਝਾਰਤ) ਦਾ ਉਤਰ ਦਿਤਾ ਹੈ । ਇਸ ਲਈ ਮੁਦਾਵਣੀ ਦਾ ਅਰਥ ਮੋਹਰ ਛਾਪ ਦੀ ਬਜਾਏ ਬੁਝਾਰਤ ਤੇ ਉਸਦੇ ਜਵਾਬ ਵਿੱਚ ਸਮਝਿਆ ਜਾਣਾਂ ਚਾਹੀਦਾ ਹੈ ਕਿ

"ਸਲੋਕੁ ਮ:3॥"

"ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨ ਅੰਮ੍ਰਿਤੁ ਸਾਰੁ ॥

ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥

ਇਹ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥

ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ"॥

ਏਹ ਮੁਦਾਵਣੀ ਸਤਿਗੁਰ ਪਾਈ ਗੁਰਸਿਖਾਂ ਲਧੀ ਭਾਲਿ ॥

ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਹਰਿ ਪਾਇਆ ਗੁਰਮੁਖਿ ਘਾਲਿ ॥

(ਗੁਰੂ ਗ੍ਰੰਥ ਸਾਹਿਬ ਅੰਗ-645)

ਤੀਸਰੇ ਪਾਤਸ਼ਾਹ ਜੀ ਮਹਾਰਾਜ ਦੇ ਇਸ ਸਲੋਕ ਦੇ ਭਾਵ ਅਰਥ ਜਾਨਣ ਲਈ ਇਹ ਜ਼ਰੂਰੀ ਹੈ ਕਿ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ "ਮੁਦਾਵਣੀ ਮਹਲਾ 5" ਨੂੰ ਸਾਹਮਣੇ ਰੱਖ ਕੇ ਇਸ ਬਾਰੇ ਵਿਚਾਰ ਕੀਤੀ ਜਾਵੇ । ਤੀਸਰੇ ਪਾਤਸ਼ਾਹ ਦੇ ਸਲੋਕ ਵਿੱਚ ਤਿਨ ਪ੍ਰਕਾਰ ਦੇ ਭੋਜਨ ਨੂੰ ਇਕ ਮੁਦਾਵਣੀ ਜਾਂ ਬੁਝਾਰਤ ਮਨ ਲਈਏ ਕਿ ਉਹ ਕਹਿੜੇ ਭੋਜਨ ਦੀਆਂ ਵਸਤੂਆਂ ਹਨ ਤਾਂ ਇਸ ਦਾ ਉਤਰ ਪੰਚਮ ਪਿਤਾ ਗੁਰੂ ਅਰਜਨ ਦੇਵ ਜੀ ਇਸ ਤਰਾਂ ਦਸਦੇ ਹਨ ਕਿ

"ਥਾਲ ਵਿਚਿ ਤਿਨਿ ਵਸਤੂ ਪਈਓ ਸਤ ਸੰਤੋਖੁ ਵਿਚਾਰੋ ॥

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥

ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥

ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ ॥

ਤਮ ਸੰਸਾਰੁ ਚਰਨ ਲਗ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥1॥"

ਗੁਰੂ ਅਰਜਨ ਦੇਵ ਜੀ ਨੇ ਤਿਨਾਂ ਹੀ ਵਸਤੂਆਂ ਦਾ ਨਾਮ ਦੇ ਕੇ ਸਾਰੀ ਬੁਝਾਰਤ ਦਾ ਹੱਲ ਕਢ ਦਿਤਾ ਹੈ ਕਿ ਮਨ ਰੂਪੀ ਥਾਲ ਵਿੱਚ ਜਿਨ੍ਹਾਂ ਤਿਨ ਵਸਤੂਆਂ ਦੀ ਲੋੜ ਸਮਝੀ ਜਾ ਰਹੀ ਹੈ ਉਹ ਸਤਿ,ਸੰਤੋਖ ਤੇ ਵਿਚਾਰ ਹਨ ਪਰ ਕਈ ਵਿਦਵਾਨ ਵਿਚਾਰ ਦੀ ਥਾਂ ਤੇ ਵਾਹਿਗੁਰੂ (ਠਾਕੁਰ) ਦੇ ਅੰਮ੍ਰਿਤ ਮਈ ਨਾਮ ਨੂੰ ਤੀਜੀ ਵਸਤੂ ਸਮਝਦੇ ਹੋਏ ਇਹ ਅਰਥ ਕਰਦੇ ਹਨ ਕਿ ਸਤਿ,ਸੰਤੋਖ ਤੇ ਵਾਹਿਗੁਰੂ ਦੇ ਅੰਮ੍ਰਿਤ ਮਈ ਨਾਮ ਤੇ ਵਿਚਾਰ ਕਰਦਿਆਂ ਹੋਇਆਂ ਸਭ ਬ੍ਰਹਮ ਪਸਾਰੋਂ ਦੇ ਗਿਆਨ ਦੀ ਪ੍ਰਾਪਤੀ ਕੀਤੀ ਜਾਣੀ ਚਾਹੀ ਦੀ ਹੈ । ਇਹ ਤੀਸਰੇ ਪਾਤਸ਼ਾਹ ਦੇ ਇਸ ਸਵਾਲ ਦਾ ਜਵਾਬ ਹੈ ਕਿ ਇਹ ਭੋਜਨ ਕੇਵੇਂ ਪ੍ਰਾਪਤ ਕਰਨਾ ਹੈ ਕਿ

"ਇਹ ਭੋਜਨੁ ਅਲੁਭੁ ਹੈ ਸੰਤਹੁ ਲਭੈ ਗੁਰ ਵੀਚਾਰਿ"॥

# ਰਾਗ ਮਾਲਾ ਦਾ ਹੱਲ ਹੋ ਚੁਕਾ ਵਿਵਾਦ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਮੁਦਾਵਣੀ ਤੇ ਕੁਝ ਗੁਰਦੁਆਰਿਆਂ ਵਿੱਚ ਪਾਇਆ ਜਾਣ ਲਗਾ ਤਾਂ ਪੰਥ ਵਿੱਚ ਬੜਾ ਭਾਰੀ ਰੋਹ ਸ਼੍ਰੋਮਣੀ ਕਮੇਟੀ ਵਿਰੁਧ ਖੜਾ ਹੋ ਗਿਆ । ਹਰ ਵਿਅਕਤੀ ਇਹ ਸਹਿਣ ਨਹੀਂ ਕਰਨ ਨੂੰ ਕਿਸੇ ਵੀ ਕੀਮਤ ਤੇ ਤਿਆਰ ਨਹੀਂ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਭਾਈ ਗੁਰਦਾਸ ਜੀ ਰਾਹੀਂ ਲਿਖਵਾਈ ਗਈ ਬਾਣੀ ਵਿੱਚ ਕੋਈ ਵਿਅਕਤੀ ਕਿਸੇ ਪ੍ਰਕਾਰ ਦੀ ਤਬੀਲੀ ਕਰੇ ਜਿਸ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 10 ਮਾਰਚ,1945 ਵਿੱਚ ਹੋਈ ਮੀਟਿੰਗ ਵਿੱਚ ਇਹ ਮਤਾ ਪਾਸ ਕੀਤਾ ਗਿਆ ਕਿ ਪੁਰਾਤਨ ਬੀੜਾਂ ਦੇ ਅੀਧਅਨ ਲਈ ਇਕ ਕਮੇਟੀ ਕਾਇਮ ਕੀਤੀ ਜਾਵੇ ਜੋ ਇਹ ਰੀਪੋਰਟ ਦੇਵੇ ਕਿ ਗੁਰੂ ਅਰਜਨ ਦੇਵ ਜੀ ਵਲੋਂ ਭਾਈ ਗੁਰਦਾਸ ਜੀ ਰਾਹੀ ਲਿਖਵਾਏ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਾਈ ਗੁਰਦਾਸ ਜੀ ਰਾਹੀਂ ਰਾਗ ਮਾਲਾ ਲਿਖੀ ਗਈ ਹੈ ਕਿ ਨਹੀਂ । ਇਸ ਬਾਰੇ ਕਮੇਟੀ ਕਾਇਮ ਹੋਣ ਤੋਂ ਪਿਛੋਂ ਕਮੇਟੀ ਦੇ ਮੈਂਬਰਾਂ ਨੇ ਕਰਤਾਰ ਪੁਰ ਪੁਜ ਕੇ ਸਬੰਧਤ ਬੀੜ ਸਾਹਿਬ ਦੇ ਦਰਸ਼ਨ ਕਰਨ ਉਪਰੰਤ ਜੋ ਰੀਪੋਰਟ ਸ਼੍ਰੋਮਣੀ ਕਮੇਟੀ ਨੂੰ ਦਿਤੀ ਉਹ ਰੀਪੋਰਟ ਪੰਜਾਬੀ ਯੁਨੀਵਰਸਟੀ,ਪਟਿਆਲਾ ਵਲੋਂ ਛਾਪੀ ਗਈ ਭਾਈ ਜੋਧ ਸਿੰਘ,ਸਵਰਗਵਾਸੀ ਪ੍ਰਿਸੀਪਲ, ਖਾਲਸਾ ਕਾਲਜ ਅੰਮ੍ਰਿਤਸਰ ਵਲੋਂ ਲਿਖੀ ਗਈ ਪੁਸਤਕ "ਕਰਤਾਰਪੁਰ ਵਾਲੀ ਬੀੜ ਦੇ ਦਰਸ਼ਨ"ਵਿੱਚ ਦਰਜ ਹੈ ਜਿਸ ਦੀ ਨਕਲ ਪਾਠਕਾਂ ਦੀ ਜਾਨਕਾਰੀ ਲਈ ਅਸੀ ਹੇਠ ਦਰਜ ਕਰ ਰਹੇ ਹਾਂ ।

## ਸਭ ਕਮੇਟੀ ਦੀ ਰੀਪੋਰਟ

"ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਨੇ ਆਪਣੇ 27 ਮਈ 1945 ਦੇ ਮਤੇ ਅਨੁਸਾਰ ਜੋ ਚੌਹਾਂ ਮੈਂਬਰਾਂ ਦੀ ਸਬ-ਕਮੇਟੀ ਸੀ,ਉਨ੍ਹਾਂ ਵਿੱਚੋਂ ਅਸੀਂ ਤਿਨ ਮੈਂਬਰ 7 ਅਕਤੂਬਰ 1945 ਨੂੰ ਸ੍ਰੀ ਕਰਤਾਰ ਪੁਰ ਪੁਜੇ, ਅਤੇ 12 ਵਜੇ ਦੋਪਹਿਰ ਤੋਂ ਲੈ ਕੇ ਪੌਣੇ ਛੇ ਵਜੇ ਸ਼ਾਮ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਦਰਸ਼ਨ ਕਰਦੇ ਰਹੇ ।

ਸਭ ਤੋਂ ਪਹਿਲਾਂ ਅਸੀਂ ਮੈਨੇਜਰ ਸਾਹਿਬ ਕੋਰਟ ਆਫ ਵਾਰਡ ਸ੍ਰੀ ਕਰਤਾਰ ਪੁਰ ਐਸਟੇਟ ਨੂੰ ਬੇਨਤੀ ਕੀਤੀ ਕਿ ਸਾਨੂੰ ਦਸਿਆ ਗਿਆ ਹੈ ਕਿ ਆਪ ਜੀ ਦੇ ਪਾਸ ਕਈ ਪੁਰਾਤਨ ਬੀੜਾਂ ਹਨ,ਸਾਨੂੰ ਉਸੇ ਬੀੜ ਦੇ ਦਰਸ਼ਨ ਕਰਾਉਣੇ ਜੋ ਅਸਲੀ ਆਦਿ ਬੀੜ ਹੈ । ਉਨ੍ਹਾਂ ਨੇ ਕਿਹਾ ਕਿ ਜੋ ਬੀੜ ਇਥੇ ਪ੍ਰਕਾਸ਼ ਕੀਤੀ ਹੋਈ ਹੈ,ਇਹੋ ਪੁਰਾਤਨ ਬੀੜ ਪ੍ਰਸਿਧ ਹੈ, ਇਸੇ ਦੇ ਨਾਲ ਜਾਗੀਰਾਂ ਹਨ,ਅਤੇ ਇਸੇ ਦੇ ਦਰਸ਼ਨ ਲੋਕੀ ਦੂਰੋਂ ਦੂਰੋਂ ਆ ਕੇ ਕਰਦੇ ਹਨ ।

ਜਿਸ ਬੀੜ ਦੇ ਅਸੀਂ ਦਰਸ਼ਨ ਕੀਤੇ ਉਸ ਤੋਂ ਅਸੀਂ ਕਈ ਨੋਟ ਵਿਸਥਾਰ ਨਾਲ ਲਏ ਜੋ ਅਸੀਂ ਧਾਰਮਿਕ ਸਲਾਹਕਾਰ ਕਮੇਟੀ ਪਾਸ ਭੇਜ ਦਿਤੇ ਹਨ । ਸਭ ਤੋਂ ਜ਼ਰੂਰੀ ਨੋਟ ਇਹ ਗਲ ਕੀਤੀ ਗਈ ਕਿ ਇਸ ਬੀੜ ਦੇ ਅੰਤ ਵਿੱਚ ਰਾਗਮਾਲਾ ਹੈ ਅਤੇ ਇਹ ਉਨ੍ਹਾਂ ਹੀ ਦਸਤਖਤਾਂ ਤੇ ਉਸੇ ਲਿਖਤ ਵਿੱਚ ਹੈ ਜਿਸ ਵਿੱਚ ਰਾਗਮਾਲਾ ਤੋਂ ਪਹਿਲਾਂ ਆਉਣ ਵਾਲੇ ਕਈ ਸਫੇ ਲਿਖੇ ਹੋਏ ਹਨ । ਮੁਦਾਵਣੀ ਤੇ ਸਲੋਕ ਮਹਲਾ 5,973 ਸਫੇ ਦੇ ਅਰੰਭ ਵਿੱਚ ਹਨ,ਬਾਕੀ ਸਾਰਾ ਸਫਾ ਖਾਲੀ ਪਿਆ ਹੈ । ਇਸ ਸਫੇ ਦੇ ਸਾਹਮਣੇ ਵਾਲਾ ਸਫਾ ਭੀ ਖਾਲੀ ਹੈ । ਜਿਸ ਉਤੇ ਅੰਕ 974 ਲਗਾ ਹੋਇਆ ਹੈ । ਉਹ ਸਫਾ ਭੀ ਸਾਰਾ ਖਾਲੀ ਹੈ । ਉਸ ਦੇ ਸਾਹਮਣੇ ਵਾਲੇ ਸਫੇ ਉਤੇ"ਰਾਗਮਾਲਾ" ਹੈ । ਇਸ ਤੋਂ ਉਪਰੰਤ ਦੂਜੇ ਪਾਸੇ ਕੋਈ ਅੰਕ ਨਹੀਂ ਤੇ ਨਾ ਕੋਈ ਹੋਰ ਲਿਖਤ ਹੈ ਜਿਹਾ ਕਿ ਤਤਕਰੇ ਵਿੱਚ ਆਉਂਦਾ ਹੈ,"ਰਾਗਮਾਲਾ ਤਥਾ ਸਿੰਘਲ ਦੀਪ ਕੀ ਰਾਜੇ ਸ਼ਿਵਨਾਭ ਕੀ ਬਿਧਿ"। ਬੀੜ ਵਿੱਚ ਭੀ ਕਈ ਪਤਰੇ ਖਾਲੀ ਆਉਂਦੇ ਹਨ ,ਜਿਨ੍ਹਾਂ ਉਤੇ ਇਨ੍ਹਾਂ ਖਾਲੀ ਪਤ੍ਰਿਆਂ ਵਾਂਗ ਅੰਕ ਲਗੇ ਹੋਏ ਹਨ ।

ਇਸ ਬੀੜ ਵਿੱਚ ਕਿਧਰੇ ਵੀ ਹੇਠ ਲਿਖੀਆਂ ਗਲਾਂ ਨਹੀਂ ਆਈਆਂ:-

1। ਗੁਰੂ ਬਾਬੇ ਦੇ ਕੁਲ ਪਤਰੇ 974 । 2. ਸਿਆਹੀ ਕੀ ਬਿਧਿ । 3. ਹਕੀਕਤ ਰਾਹ ਮੁਕਾਮ । 4. ਰਤਨਮਾਲਾ । 5.ਸਲੋਕ ਬਾਇ ਆਤਿਸ ਆਬ ।6. ਜਿਤ ਦਰ ਲਖ ਮੁਹੰਮਦਾ ।

ਅਸੀਂ ਸਾਰੇ ਪਤਰੇ ਪਰਤ ਕੇ ਦੇਖੇ ਹਨ,ਅਤੇ ਪਤਰੇ ਦੇ ਅੰਕ ਲਾਉਣ ਦਾ ਢੰਗ ਇਹ ਸਹੀ ਕੀਤਾ ਹੈ ਕਿ ਪਤਰੇ ਦੇ ਦੋਵੇਂ ਪਾਸੇ ਨਹੀਂ ਲਏ ਗਏ ਸਗੋਂ ਅੰਕ ਵਾਲਾ ਸਫਾ ਅਤੇ ਉਹਦੇ ਸਾਹਮਣੇ ਦੂਸਰੇ ਪਤਰੇ ਦਾ ਪਹਿਲਾ ਪੰਨਾ ਰਲਕੇ ਇਕ ਬਣਦਾ ਹੈ । ਇਸ ਢੰਗ ਅਨੁਸਾਰ ਪੜਤਾਲਿਆ ਤਤਕਰੇ ਅਤੇ ਬੀੜ ਵਿੱਚ ਦਿਤੇ ਅੰਕਾਂ ਦੇ ਕੇਵਲ ਤਿੰਨ ਅਣਮੇਲ ਲਭੇ ਹਨ ।

"ਜੋਤੀ ਜੋਤ ਸਮਾਵਣੇ ਕਾ ਚਲਿਤ੍ਰ"(ਜਿਸ ਦਾ ਪਤਰਾ ਅੰਕ ਤਤਕਰੇ ਵਿੱਚ 41 ਹੈ ਪਰ ਬੀੜ ਵਿੱਚ 25 ਹੈ ।) "ਨਿਸਾਣੁ ਗੁਰੂ ਜੀਉ ਕੇ ਦਸਖਤ ਮ: 5" (ਜਿਸ ਦਾ ਪਤਰਾ-ਅੰਕ ਤਤਕਰੇ ਵਿੱਚ 45 ਹੈ,ਪਰ ਬੀੜ ਵਿੱਚ 29 ਹੈ ),ਅਤੇ ਜਪੁਜੀ ਸਾਹਿਬ ਦਾ ਪਤਰਾ-ਅੰਕ ਤਤਕਰੇ ਵਿੱਚ 46 ਹੈ ਪਰ ਬੀੜ ਵਿੱਚ 45 ਹੈ ।

ਉਪਰ ਦਸੇ ਢੰਗ ਮੁਤਾਬਕ ਰਾਗਮਾਲਾ ਦਾ ਪਤਰਾ-ਅੰਕ ਤਤਕਰੇ ਵਿੱਚ 974 ਹੈ ,ਤੇ ਬੀੜ ਵਿੱਚ ਵੀ ਇਹ ਅੰਕ 974 ਹੈ । ਤਤਕਰੇ ਵਿੱਚ ਰਾਗ ਮਾਲਾ ਦਾ ਜ਼ਿਕਰ ਇਉਂ ਹੈ :-

974 ਰਾਗਮਾਲਾ ਤਥਾ ਸਿੰਘਲ ਦੀਪ ਕੀ ਰਾਜੇ ਸ਼ਿਵਨਾਭ ਕੀ ਬਿਧਿ ।

| | | |
|---|---|---|
| ਦਸਖਤ | ਦਸਖਤ | ਦਸਖਤ |
| ਗੰਗਾ ਸਿੰਘ | ਤੇਜਾ ਸਿੰਘ | ਜੋਧ ਸਿੰਘ |
| ਪ੍ਰਿੰਸੀਪਲ ਸ਼ਹੀਦ | ਪ੍ਰੋਫੈਸਰ, | ਪਿੰਸੀਪਲ |
| ਮਿਸ਼ਨਰੀ ਕਾਲਜ, | ਖਾਲਸਾ ਕਾਲਜ, | ਖਾਲਸਾ ਕਾਲਜ |
| ਸ੍ਰੀ ਅੰਮ੍ਰਿਤਸਰ ਜੀ | ਸ੍ਰੀ ਅੰਮ੍ਰਿਤਸਰ ਜੀ | ਸ੍ਰੀ ਅੰਮ੍ਰਿਤਸਰ ਜੀ |

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਧਾਰਮਿਕ ਸਲਾਹਕਾਰ ਕਮੇਟੀ ਨੂੰ ਨਵੰਬਰ 1945 ਵਿੱਚ ਭੇਜੀ ਗਈ ਇਸ ਰੀਪੋਰਟ ਵਿੱਚ ਇਹ ਗਲ ਸਿੱਧ ਹੋ ਜਾਂਦੀ ਹੈ ਕਿ ਰਾਗ ਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉਸ ਬੀੜ ਵਿੱਚ ਸ਼ਾਮਲ ਹੈ ਜਿਸ ਨੂੰ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਲਿਖਵਾਇਆਂ ਸੀ ਜਦ ਕਿ ਰਾਗ ਮਾਲਾ ਲਿਖਣ ਵਾਲੀ ਸਿਆਹੀ ਤੇ ਲੇਖਕ ਦੀ ਹੱਥ ਲਿਖਤ ਉਹੀ ਹੈ ਜਿਸ ਨਾਲ ਬਾਕੀ ਦੀ ਬੀੜ ਸਾਹਿਬ ਤਿਆਰ ਕੀਤੀ ਗਈ ਸੀ । ਇਸ ਨਾਲ ਇਹ ਵਿਵਾਦ ਹੱਲ ਹੋਇਆ ਸਮਝਿਆ ਜਾਣਾ ਚਾਹੀਦਾ ਹੈ ਪਰ ਫਿਰ ਵੀ ਇਸ ਰੀਪੋਰਟ ਤੇ ਜੇ ਕਿਸੇ ਨੂੰ ਕੋਈ ਸ਼ੱਕ ਹੈ ਤਾਂ ਉਹ ਸ੍ਰੀ ਕਰਤਾਰ ਪੁਰ ਜਾ ਕੇ ਇਸ ਬੀੜ ਸਾਹਿਬ ਜੀ ਦੇ ਦਰਸ਼ਨ ਕਰ ਕੇ ਆਪਣੀ ਸੰਕਾ ਨੂੰ ਦੂਰ ਕਰ ਸਕਦਾ ਹੈ ।

# ਭਾਈ ਬੰਨੂ ਵਾਲੀ ਬੀੜ ਸਾਹਿਬ

## (ਖਾਰੀ ਬੀੜ)

ਜਿਸ ਸਮੇ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਭਾਈ ਗੁਰਦਾਸ ਜੀ ਰਾਹੀ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਵਾ ਲਈ ਤਾਂ ਬੀੜ ਸਾਹਿਬ ਜੀ ਦੀ ਜਿਲਦ ਬਨ੍ਹਾਉਣ ਲਈ ਭਾਈ ਬੰਨੂ ਜੀ ਦੀ ਸੇਵਾ ਲਾਈ ਗਈ ਕਿ ਉਹ ਲਾਹੌਰ ਜਾ ਕੇ ਉਥੋਂ ਬੀੜ ਸਾਹਿਬ ਜੀ ਦੀ ਜਿਲਦ ਬਨ੍ਹਵਾ ਲਿਆਉਣ । ਰਸਤੇ ਵਿੱਚ ਭਾਈ ਬਨੂੰ ਜੀ ਦਾ ਪਿੰਡ ਖਾਰੀ ਸੀ । ਭਾਈ ਜੀ ਨੇ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਉਸ ਨੂੰ ਇਹ ਆਗਿਆ ਦਿਤੀ ਜਾਵੇ ਕਿ ਉਹ ਇਸ ਬੀੜ ਸਾਹਿਬ ਦੇ ਦਰਸ਼ਨ ਆਪਣੇ ਨਗਰ ਨਿਵਾਸੀਆਂ ਨੂੰ ਵੀ ਲਾਹੌਰ ਜਾਂਦਾ ਹੋਇਆ ਕਰਵਾਈ ਜਾਵੇ । ਗੁਰੂ ਸਾਹਿਬ ਜੀ ਨੇ ਹੁਕਮ ਕੀਤਾ ਕਿ ਇਸ ਬੀੜ ਸਾਹਿਬ ਨੂੰ ਇਕ ਰਾਤ ਤੋਂ ਵਧੇਰੇ ਸਮੇ ਲਈ ਰਸਤੇ ਵਿੱਚ ਕਿਸੇ ਵੀ ਪਿੰਡ ਨਹੀਂ ਰਖਣਾ । ਬੀੜ ਸਾਹਿਬ ਦੀ ਸੁਰਿਖਿਆ ਲਈ ਭਾਈ ਬੰਨੂੰ ਜੀ ਨਾਲ ਤਕਰੀਬਨ ਇਕ ਦਰਜਨ ਹੋਰ ਲਿਖਾਰੀਆਂ ਦਾ ਇਕ ਜਥਾ ਵੀ ਨਾਲ ਘਲਿਆ ਗਿਆ ਸੀ । ਲਾਹੌਰ ਪੁਜਦੇ ਸਮੇ ਭਾਈ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਵਾਲੀ ਬੀੜ ਦੀ ਇਕ ਹੋਰ ਨਕਲ ਤਿਆਰ ਕਰ ਲਈ । ਲਾਹੌਰ ਤੋਂ ਇਕ ਬੀੜ ਸਾਹਿਬ ਦੀ ਥਾਂ ਤੇ ਭਾਈ ਸਾਹਿਬ ਜੀ ਦੋ ਬੀੜ ਸਾਹਿਬਾਂਨ ਦੀਆਂ ਜਿਲਦਾਂ ਬਨ੍ਹਵਾ ਕੇ ਅੰਮ੍ਰਿਤਸਰ ਪੁਜ ਗਏ । ਇਸ ਬੀੜ ਸਾਹਿਬ ਦੇ ਪਨੇ 372 ਤੇ ਗੁਰੂ ਅਰਜਨ ਦੇਵ ਜੀ ਦੇ ਨਿਸ਼ਾਨ ਮੂਲ ਮੰਤਰ ਦੇ ਰੂਪ ਵਿੱਚ ਲਿਖੇ ਹੋਏ ਮਿਲਦੇ ਹਨ । ਜਦ ਇਹ ਬੀੜ ਭਾਈ ਬੰਨੂੰ ਜੀ ਨੇ ਦੱਲ ਭੰਜਨ ਸੂਰਮੇ ,ਮੀਰੀ ਪੀਰੀ ਦੇ ਮਾਲਕ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਦਿਖਾਈ ਤਾਂ ਉਨ੍ਹਾਂ ਵੀ ਆਪਣੇ ਨਿਸ਼ਾਨ ਤੇ ਮੋਹਰ ਬੀੜ ਸਾਹਿਬ ਤੇ ਲਾ ਦਿਤੀ । ਇਸ ਤੋਂ ਉਪਰੰਤ ਨੌਵੇਂ ਪਾਤਿ ਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵੀ ਮੂਲ ਮੰਤਰ ਦੇ ਰੂਪ ਵਿੱਚ ਇਸ ਬੀੜ ਸਾਹਿਬ ਤੇ ਆਪਣੇ ਨਿਸ਼ਾਨ ਲਗਾਏ ਹਨ । ਇਸ ਤਰਾਂ ਰਾਗ ਮਾਲਾ ਦੀ ਪ੍ਰਵਾਨਗੀ ਗੁਰੂ ਅਰਜਨ ਦੇਵ ਜੀ ;ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਵਲੋਂ ਮਿਲੀ ਹੋਈ ਹੋਣ ਕਾਰਨ ਕਿਸੇ ਸਿੱਖ ਨੂੰ ਇਹ ਹੱਕ ਨਹੀਂ ਕਿ ਉਹ ਗੁਰੂ ਸਾਹਿਬ ਜੀ ਦੇ ਦਸੇ ਹੋਏ ਮਾਰਗ ਤੋਂ ਇਨਕਾਰੀ ਹੋਵੇ । ਭਾਈ ਬੰਨੂ ਜੀ ਦੁਆਰਾ ਤਿਆਰ ਹੋਈ ਇਸ ਬੀੜ ਸਾਹਿਬ ਨੂੰ ਭਾਈ ਬੰਨੂ ਵਾਲੀ ਬੀੜ ਕਿਹਾ ਜਾਂਦਾ ਹੈ । ਕਈ ਸਿੱਖ ਇਸ ਬੀੜ ਸਾਹਿਬ ਨੂੰ ਉਨ੍ਹਾ ਦੇ ਪਿੰਡ ਖਾਰੀ ਕਰ ਕੇ ਇਸ ਬੀੜ ਨੂੰ ਖਾਰੀ ਵਾਲੀ ਬੀੜ ਵੀ ਕਹਿੰਦੇ ਹਨ ।

ਭਾਈ ਬੰਨੂ ਵਾਲੀ ਇਤਹਾਸਕ ਬੀੜ ਸਾਹਿਬ (ਖਾਰੇ ਵਾਲੀ ਬੀੜ) ਜਿਸ ਦੀ ਜਿਲਦ ਭਾਈ ਗੁਰਦਾਸ ਜੀ ਵਲੋਂ ਲਿਖੀ ਗਈ ਬੀੜ ਦੇ ਨਾਲ ਹੀ ਬਨ੍ਹੀ ਗਈ ਸੀ,ਵਿੱਚ ਤਿਨ ਗੁਰੂ ਸਾਹਿਬ ਜੀ ਦੇ ਨਿਸ਼ਾਨ ਮੌਜੂਦ ਤਸਵੀਰ ਵਿੱਚ ਦਿਖਾਈ ਦੇ ਰਹੇ ਹਨ । ਇਸ ਬੀੜ ਸਾਹਿਬ ਵਿੱਚ ਵੀ ਰਾਗ ਮਾਲਾ ਲਿਖੀ ਹੋਈ ਦਸੀ ਜਾਂਦੀ ਹੈ । ਅਜ ਕਲ ਇਹ ਬੀੜ ਸਾਹਿਬ ਭਾਈ ਬੰਨੂ ਦੀ ਓਲਾਦ ਪਾਸ ਕਾਨਪੁਰ ਦਸੀ ਜਾਂਦੀ ਹੈ ।



ਖਾਰੇ ਵਾਲੀ ਬੀੜ ਦੇ 372 ਪੱਨੇ ਦੇ ਪਹਿਲੇ ਪਾਸੇ ਪੰਜਵੀ ਪਾਤਸ਼ਾਹੀ ਦੇ ਨਿਸ਼ਾਨ (ਦਸਖਤ) ਮੂਲ ਮੰਤਰ ਦੇ ਰੂਪ ਵਿੱਚ



(ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਿਸ਼ਾਨ ਬੰਨੋਆਣਿਆਂ ਦੀ ਸ੍ਰੀ ਆਦਿ ਗ੍ਰੰਥ ਖਾਰੇ·ਵਾਲੀ ਬੀੜ ਦੀ ਇਕ ਪੁਰਾਤਨ ਬੀੜ ਵਿਚੋਂ



ਖਾਰੇਵਾਲੀ ਬੀੜ ਤੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਛੇਵੀਂ ਪਾਤਸ਼ਾਹੀ ਦੇ ਨਿਸ਼ਾਨ ॥

# ਦੋ ਮਿੰਟ ਤੋਂ ਸੰਕੋਚ ਕਿਉਂ ?

ਇਥੇ ਇਹ ਵਰਨਣ ਯੋਗ ਹੈ ਕਿ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦੇ ਭੋਗ ਤਕਰੀਬਨ 48 ਘੰਟੇ ਵਿੱਚ ਪਾਠ ਸੰਪੂਰਣ ਕਰ ਕੇ ਪਾਇਆ ਜਾਂਦਾ ਹੈ । ਜੇ ਕਰ ਕੋਈ ਪਾਠੀ ਇਕ ਘੰਟੇ ਵਿੱਚ ਸ੍ਰੀ ਗੁਰੂ ਗ੍ਰੰਥ ਗ੍ਰੰਥ ਸਾਹਿਬ ਜੀ ਦੇ 30 ਅੰਕਾਂ ਦਾ ਸੰਪੂਰਣ ਪਾਠ ਕਰ ਲੈਂਦਾ ਹੈ ਤਾਂ ਉਸ ਨੂੰ ਅਖੰਡ ਪਾਠੀ ਮੰਨਿਆ ਜਾਂਦਾ ਹੈ ਜਿਸ ਦਾ ਭਾਵ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਅੰਕ ਦਾ ਪਾਠ ਤਕਰੀਬਨ ਦੋ ਮਿੰਟ ਵਿੱਚ ਸੰਪੂਰਣ ਹੋ ਜਾਂਦਾ ਹੈ । ਜੇ ਕਰ ਅਸੀਂ 48 ਘੰਟੇ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਸਕਦੇ ਹਾਂ ਤਾਂ ਫਿਰ ਦੋ ਮਿੰਟ ਹੋਰ ਪਾਠ ਕਰਨ ਵਿੱਚ ਕੀ ਕਠਣਤਾਈ ਆਉਂਦੀ ਹੈ ? ਜਹਿੜੇ ਵਿਅਕਤੀ ਇਹ ਦੋ ਮਿੰਟ ਹੋਰ ਪਾਠ ਨਹੀਂ ਕਰਣਾ ਚਾਹੁੰਦੇ ਉਨ੍ਹਾਂ ਨੂੰ ਇਹ ਖਿਆਲ ਕਰ ਲੈਣਾ ਚਾਹੀਦਾ ਹੈ ਕਿ ਕਿਤੇ ਉਹ ਰਾਮ ਰਾਇ ਦੀ ਤਰਾਂ ਬਾਣੀ ਬਦਲਣ ਦੇ ਦੋਸ਼ੀ ਤਾਂ ਨਹੀਂ ਬਣ ਰਹੇ ? ਸਾਧੂ ਸੋਭਾ ਸਿੰਘ ਦੀ ਮਿਸਾਲ ਸਾਡੇ ਸਭਨਾਂ ਦੇ ਸਾਹਮਣੇ ਹੈ ਕਿ ਉਸ ਨੂੰ ਅਜਿਹਾ ਕੁਕਰਮ ਕਰਨ ਦੀ ਸਜ਼ਾ ਸੰਗਤ ਦੀ ਅਰਦਾਸ ਕਰਣ ਕਰ ਕੇ ਇਸੇ ਜਨਮ ਵਿੱਚ ਹੀ ਭੁਗਤਣੀ ਪੈ ਗਈ ਸੀ ਤੇ ਉਸ ਨੇ ਆਪਣੀ ਜ਼ਬਾਨ ਬੰਦ ਹੋਣ ਦੇ ਕਾਰਨ ਲਿਖ ਕੇ ਮੁਆਫੀ ਮੰਗ ਕੇ ਆਪਣੀ ਭੁੱਲ ਨੂੰ ਸੁਧਾਰਨ ਦਾ ਯਤਨ ਕੀਤਾ ਸੀ । ਗੁਰਬਾਣੀ ਤੇ ਗੁਰ ਇਤਿਹਾਸ ਅਨੁਸਾਰ ਹਰ ਪ੍ਰਾਣੀ ਨੂੰ ਆਪਣੇ ਕੀਤੇ ਹੋਏ ਕਰਮਾਂ ਦਾ ਫੱਲ ਜ਼ਰੂਰ ਭੁਗਤਨਾ ਪੈਂਦਾ ਹੈ ਕਿ

"ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ ॥

ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥

ਜਾ ਰਹਿਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥

ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥

ਮੂਰਖੈ ਨਾਲਿ ਨ ਲੁਝੀਐ ॥

(ਆਸਾ ਦੀ ਵਾਰ)

ਗੁਰ ਇਤਿਹਾਸ ਵਿੱਚ ਵੀ ਕਈ ਸਾਖੀਆਂ ਸਾਨੂੰ ਇਹੋ ਜਹੀਆਂ ਮਿਲ ਜਾਂਦੀਆਂ ਹਨ ਜਦ ਕਿ ਪ੍ਰਾਣੀ ਨੇ ਆਪਣੇ ਮੌਜੂਦਾ ਜਨਮ ਵਿੱਚ ਕੋਈ ਕੁਕਰਮ ਕੀਤਾ ਤਾਂ ਉਸ ਨੂੰ ਕਈ ਜਨਮਾਂ ਪਿਛੋਂ ਉਸ ਦੇ ਕੁਕਰਮ ਦਾ ਭੁਗਤਾਨ ਹੋ ਕੇ ਉਸ ਦਾ ਉਧਾਰ ਗੁਰੂ ਸਾਹਿਬ ਜੀ ਦੁਆਰਾ ਕੀਤਾ ਗਿਆ । ਭਈ ਮੂਲੇ ਦੀ ਕਹਾਣੀ ਅਤੇ ਜੈਦਰਥ ਦੀ ਪਹਿਲਾਂ ਦਸੀ ਗਈ ਕਹਾਣੀਆਂ ਇਹ ਸਿੱਧ ਕਰ ਦੇਂਦੀਆਂ ਹਨ ਕਿ ਜੀਵ ਆਤਮਾ ਨੂੰ ਕਈ ਕਈ ਜਨਮਾਂ ਤਕ ਆਪਣੇ ਕਰਮਾਂ ਦਾ ਭੁਗਤਾਨ ਕਰਨਾ ਪੈਂਦਾ ਰਿਹਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਵੀ ਇਹੋ ਜਹੀਆਂ ਇਤਿਹਾਸਕ ਘਟਨਾਵਾਂ ਬਾਰੇ ਕਈ ਇਸ਼ਾਰੇ ਸਾਨੂੰ ਮਿਲ ਜਾਂਦੇ ਹਨ । ਗੁਰੂ ਅਰਜਨ ਦੇਵ ਜੀ ਜਨਮ ਮਰਨ ਤੇ ਜੂਨੀਆ ਬਾਰੇ ਫੁਰਮਾਉਂਦੇ ਹਨ ਕਿ ਜੀਵ ਪ੍ਰਾਣੀ ਕਈ ਵਾਰ ਜਨਮ ਲੈਂਦਾ ਹੈ ਤੇ ਜੀਊਂਦਾ ਤੇ ਮਰਦਾ ਰਹਿੰਦਾ ਹੋਇਆ ਕਈ ਜੂਨਾਂ ਵਿੱਚ ਫਿਰਦਾ ਰਹਿੰਦਾ ਹੈ ਕਿ

"ਕਈ ਕੋਟਿ ਜਨਮਹਿ ਜੀਵਹਿ ਮਰਹਿ ॥

ਕਈ ਕੋਟਿ ਬਹੁ ਜੋਨੀ ਫਿਰਹਿ ॥"

(ਗੁਰੂ ਗ੍ਰੰਥ ਸਾਹਿਬ ਅੰਗ-276)

## ਰਾਗ-ਮਾਲਾ ਬਾਰੇ ਭੁਲੇਖਾ ਪਾਊ

# ਮਾਧਵਾ ਨਲ ਤੇ ਕਾਮ ਕੰਦਲਾ ਦੀ ਕਹਾਣੀ

ਇਹ ਬੜੀ ਰੋਚਕ ਕਹਾਣੀ ਹੈ ਜਿਸ ਦਾ ਸਬੰਧ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗ ਮਾਲਾ ਨਾਲ ਵੀ ਕਈ ਸਿੱਖ ਵਿਦਵਾਨਾਂ ਨੇ ਜੋੜੀ ਰਖਿਆ ਹੈ ਜਿਨ੍ਹਾਂ ਨੂੰ ਇਹ ਭੁਲੇਖਾ ਸੀ ਕਿ ਮਾਧਵਾ ਨਲ ਤੇ ਕਾਮ ਕੰਦਲਾ ਦੀ ਕਹਾਣੀ ਲਿਖਣ ਵਾਲਾ ਕਵੀ ਆਲਮ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਤੋਂ ਪਹਿਲਾਂ ਹੋਇਆ ਹੈ ਤੇ ਰਾਗ ਮਾਲਾ ਉਸ ਦੀ ਹੀ ਲਿਖੀ ਹੋਈ ਹੈ ਪਰ ਪਿਛੋਂ ਸਭ ਵਿਦਿਵਾਨਾਂ ਨੂੰ ਇਹ ਗਿਆਨ ਹੋ ਗਿਆ ਕਿ ਆਲਮ ਅਕਬਰ ਦੇ ਸਮੇ ਨਹੀਂ ਹੋਇਆ ਸਗੋਂ ਉਹ ਔਰੰਗਜ਼ੇਬ ਦੇ ਸਮੇ ਹੋਇਆ ਹੈ । ਉਹ ਔਰੰਗਜ਼ੇਬ ਬਾਦਸ਼ਾਹ ਦੇ ਵੱਡੇ ਸਹਿਜ਼ਾਦੇ ਮੁਅੱਜ਼ਮ (ਬਹਾਦਰ ਸ਼ਾਹ) ਪਾਸ ਰਿਹਾ ਕਰਦਾ ਸੀ । ਜਦ ਔਰੰਗਜ਼ੇਬ ਨੇ ਆਪਣੇ ਪੁਤਰ ਨੂੰ ਬਗਾਵਤ ਦੇ ਦੋਸ਼ ਵਿੱਚ ਕੈਦ ਕਰ ਲਿਆ ਤਾਂ ਆਲਮ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਪੁਜ ਗਿਆ ਸੀ । ਇਹ ਮਾਧਵਾ ਨਲ ਤੇ ਕਾਮ ਕੰਦਲਾ ਕੌਣ ਸਨ ? ਇਸ ਦਾ ਉਤਰ ਗੁਰੂ ਗੋਬਿੰਦ ਸਿੰਘ ਜੀ ਚਰਿਤ੍ਰੋ ਪਾਖਿਆਨ ਦੇ ਚਰਿਤ੍ਰ -91 ਵਿੱਚ ਦੇਂਦੇ ਹੋਏ ਦਸਦੇ ਹਨ ਕਿ

ਗੋਬਿੰਦ ਚੰਦ ਰਾਜੇ ਦਾ ਇਕ ਜਿਗਰੀ ਮਿੱਤਰ ਸੀ ਜਿਸ ਦਾ ਨਾਮ ਮਾਧਵਾਨਲ ਸੀ । ਉਹ ਬੜੀ ਮਿੱਠੀ ਬਾਂਸਰੀ ਵਜਾਇਆ ਕਰਦਾ ਸੀ । ਉਸ ਦੀ ਬਾਂਸਰੀ ਨੂੰ ਜੋ ਵੀ ਕੋਈ ਇਸਤ੍ਰੀ ਸੁਣ ਲੈਂਦੀ ਉਹ ਆਪਣੇ ਘਰ ਦੀ ਸਾਰੀ ਸੁੱਧ ਬੁੱਧ ਗਵਾ ਬੈਠਦੀ ਤੇ ਮਸਤੀ ਵਿੱਚ ਆ ਕੇ ਝੂਮਣ ਲਗ ਜਾਂਦੀ । ਇਸ ਤੇ ਨਗਰ ਨਿਵਾਸੀ ਬੜੇ ਦੁਖੀ ਹੁੰਦੇ । ਉਹ ਸਾਰੇ ਇਕੱਤਰ ਹੋ ਕੇ ਰਾਜੇ ਪਾਸ ਪੁਜੇ ਤੇ ਮਾਧਵਾ ਨਲ ਦੀ ਬੜੇ ਹੀ ਸਖਤ ਸ਼ਬਦਾਂ ਵਿੱਚ ਸ਼ਕਾਇਤ ਕਰਦਿਆ ਮੰਗ ਕੀਤੀ ਕਿ ਮਾਧਵਾ ਨਲ ਨੂੰ ਮੌਤ ਦੀ ਸਜ਼ਾ ਦਿਤੀ ਜਾਵੇ ਜਾਂ ਇਸ ਨੂੰ ਦੇਸ ਨਿਕਾਲਾ ਦੇ ਦਿਤਾ ਜਾਵੇ ਕਿਉਂ ਕਿ ਇਹ ਆਮ ਲੋਕਾਂ ਦੀਆਂ ਇਸਤ੍ਰੀਆਂ ਦੇ ਚਿੱਤ ਚੁਰਾ ਕੇ ਉਨ੍ਹਾਂ ਦੇ ਘਰ ਤਬਾਹ ਕਰ ਰਿਹਾ ਹੈ । ਰਾਜੇ ਨੇ ਇਸ ਬਾਰੇ ਜਾਨਕਾਰੀ ਪ੍ਰਾਪਤ ਕਰਨ ਲਈ ਬਹੁਤ ਸਾਰੇ ਕੰਵਲ ਦੇ ਫੁੱਲ ਮੰਗਵਾ ਕੇ ਉਨ੍ਹਾਂ ਦੇ ਵਿਛੋਣੇ ਬਣਾ ਦਿਤੇ । ਨਗਰ ਦੀਆ ਸਾਰੀਆਂ ਇਸਤ੍ਰੀਆਂ ਨੂੰ ਬੜੇ ਸੋਹਣੇ ਸ਼ਿੰਗਾਰ ਕਰਵਾ ਕੇ ਉਨ੍ਹਾ ਫੁੱਲਾਂ ਉਪਰ ਬੈਠਾ ਦਿਤਾ ਗਿਆ । ਇਸ ਤੋਂ ਪਿਛੋਂ ਮਾਧਵਾ ਨਲ ਨੂੰ ਬੁਲਾਇਆ ਗਿਆ ਤੇ ਉਸ ਨੂੰ ਬਾਂਸਰੀ ਵਜਾਉਣ ਲਈ ਕਿਹਾ ਗਿਆ । ਬਾਂਸਰੀ ਦੀ ਧੁੰਨ ਸੁਣ ਕੇ ਸਭ ਇਸਤ੍ਰੀਆਂ ਆਪਣੀ ਹੋਸ਼ ਗਵਾ ਕੇ ਉਸ ਤੇ ਮੋਹਤ ਹੋ ਗਈਆਂ ਜਿਸ ਕਾਰਨ ਕੰਮਲ ਫੁਲਾਂ ਦੀਆਂ ਪੱਤੀਆਂ ਉਨ੍ਹਾਂ ਦੇ ਸਰੀਰਾਂ ਨਾਲ ਚਿਮਕ ਗਈਆਂ । ਰਾਜੇ ਨੇ ਉਸੇ ਸਮੇ ਮਾਧਵਾ ਨਲ ਨੂੰ ਆਪਣੇ ਦੇਸ ਵਿੱਚੋਂ ਨਿਕਲ ਜਾਣ ਦਾ ਹੁਕਮ ਦੇ ਦਿਤਾ ਪਰ ਬ੍ਰਾਹਮਣ ਜਾਣ ਕੇ ਉਸ ਨੂੰ ਮੌਤ ਦੀ ਸਜ਼ਾ ਨਹੀਂ ਦਿਤੀ ਸੀ ।

ਸਜ਼ਾ ਯਾਫਤਾ ਮਾਧਵਾ ਨਲ ਚਲਦਾ ਹੋਇਆ ਇਕ ਨਗਰੀ ਵਿੱਚ ਪੁੱਜਾ ਜਿਸ ਦਾ ਨਾਮ ਕਾਮਵਤੀ ਨਗਰੀ ਸੀ । ਇਸ ਨਗਰੀ ਦੇ ਰਾਜੇ ਦਾ ਨਾਮ ਕਾਮ ਸੈਨ ਸੀ । ਕਾਮ ਸੈਨ ਬੜਾ ਐਸ਼ਪ੍ਰਸਤ ਰਾਜਾ ਸੀ ਜਿਦ ਦੇ ਦਰਬਾਰ ਵਿੱਚ 360 ਇਸਤ੍ਰੀਆਂ ਨਾਚ ਕਰਦੀਆਂ ਸਨ । ਮਾਧਵਾ ਨਲ ਜਦ ਇਸ ਨਗਰੀ ਵਿੱਚ ਪੁਜਾ ਤਾਂ ਰਾਜੇ ਦੇ ਦਰਬਾਰ ਵਿੱਚ ਬੜੇ ਸੁਰਵੀਰ ਜੋਧੇ ਨਾਚ ਗਾਣੇ ਦਾ ਅਨੰਦ ਲੈ ਰਹੇ ਸਨ । ਇਕ ਬਹੁਤ ਸੁੰਦਰ ਇਤ੍ਰੀ ਜਿਸ ਦਾ ਨਾਮ ਕਾਮ ਕੰਦਲਾ ਦਸਿਆ ਜਾਂਦਾ ਹੈ ਰਾਜੇ ਦੇ ਦਰਬਾਰ ਵਿੱਚ ਨਾਚ ਕਰ ਰਹੀ ਸੀ । ਉਸ ਇਸਤ੍ਰੀ ਨੇ ਚੰਦਨ ਦੀ ਬੜੀ ਖੁਸ਼ਬੂਦਾਰ ਅੰਗੀ ਬੜੀ ਕੱਸ ਕੇ ਇਸ ਤਰਾਂ ਬਨ੍ਹੀ ਹੋਈ ਸੀ ਕਿ ਸਭ ਨੂੰ ਉਸ ਦੀ ਅੰਗੀ ਹੀ ਦਿਖਾਈ ਦੇ ਰਹੀ ਸੀ ਚੰਦਨ ਨਹੀਂ ਦਿਸ ਰਿਹਾ ਸੀ । ਚੰਦਨ ਦੀ ਖੁਸ਼ਬੂ ਤੇ ਇਕ ਭੰਵਰਾ ਆ ਬੈਠਾ । ਨਚਦੀ ਹੋਈ ਇਸਤ੍ਰੀ ਨੇ ਆਪਣੀਆਂ ਛਾਤੀਆਂ ਦੇ ਜ਼ੋਰ ਦੇ ਝਟਕੇ ਨਾਲ ਭੰਵਰੇ ਨੂੰ ਉਡਾ ਦਿਤਾ । ਇਹ ਸਾਰਾ ਭੇਦ ਮਾਧਵਾ ਨਲ ਨੇ ਜਾਣ ਲਿਆ ਤੇ ਬੜਾ ਪ੍ਰਸਨ ਹੋ ਕੇ ਉਸ ਨੇ ਸਾਰਾ ਉਹ ਧੰਨ ਕਾਮ ਕੰਦਲਾ ਦੇ ਅਰਪਨ ਕਰ ਦਿਤਾ ਜੋ ਉਸ ਨੂੰ ਰਾਜੇ ਦੇ ਦਰਬਾਰ ਵਿੱਚ ਸਨਮਾਨ ਵਜੋਂ ਮਿਲਿਆ ਸੀ । ਰਾਜੇ ਨੂੰ ਮਾਧਵਾ ਨਲ ਦੀ ਇਹ ਹਰਕਤ ਚੰਗੀ ਨਾ ਲੱਗੀ ਤੇ ਉਸ ਨੇ ਝੱਟ ਹੀ ਮਾਧਵਾ ਨਲ ਨੂੰ ਆਪਣੇ ਰਾਜ ਵਿੱਚੋਂ ਕੱਢ ਦਿਤਾ । ਨਗਰ ਨਿਵਾਸੀਆਂ ਨੂੰ ਵੀ ਇਹ ਹੁਕਮ ਦੇ ਦਿਤਾ ਕਿ ਜੋ ਕੋਈ ਇਸ ਬ੍ਰਾਹਮਣ ਨੂੰ ਪਨਾਹ ਦੇਵੇ ਗਾ ਉਸ ਨੂੰ ਮੌਤ ਦੀ ਸਜ਼ਾ ਦਿਤੀ ਜਾਵੇ ਗੀ । ਮਾਧਵਾ ਨਲ ਚੁਪ ਕਰ ਕੇ ਰਾਮ ਕੰਧਲਾ ਦੇ ਘਰ ਆ ਗਿਆ । ਰਾਮ ਕੰਧਲਾ ਨੇ ਉਸ ਨੂੰ ਆਪਣੇ ਘਰ ਪਨਾਹ ਦੇ ਕੇ ਲਕੋ ਲਿਆ ਤੇ ਸਲਾਹ ਦਿਤੀ ਕਿ ਉਹ ਦੋਵੇਂ ਹੀ ਇਥੋਂ ਕਿਤੇ ਹੋਰ ਚਲੇ ਜਾਂਦੇ ਹਨ ਕਿਉਂਕਿ ਰਾਮ ਕੰਧਲਾ ਹੁਣ ਉਸ ਨੂੰ ਪਿਆਰ ਕਰਨ ਲਗ ਪਈ ਸੀ । ਉਸ ਨੇ ਮਾਧਵਾ ਨਲ ਨੂੰ ਇਹ ਭਰੋਸਾ ਦਿਤਾ ਕਿ ਉਹ ਹਰ ਔਕੜ ਵਿੱਚ ਉਸ ਦਾ ਸਾਥ ਦੇਵੇ ਗੀ ਤੇ ਉਸ ਤੋਂ ਬਿਨਾ ਆਪਣੇ ਪ੍ਰਾਣ ਤਿਆਗ ਦੇਵੇ ਗੀ । ਮਾਧਵਾ ਨਲ ਉਸ ਨੂੰ ਸਮਝਾ ਕੇ ਨਾਮ ਜਪਣ ਦੀ ਸਿਖਿਆ ਦੇਂਦਾ ਹੋਇਆ ਉਥੋਂ ਚਲ ਕੇ ਬਿਕ੍ਰਮਾਜੀਤ ਦੇ ਰਾਜ ਵਿੱਚ ਚਲਾ

ਜਾਂਦਾ ਹੈ । ਬਿਕ੍ਰਮਾਜੀਤ ਹਰ ਰੋਜ਼ ਗੌਰਜਾ ਦੀ ਪੂਜਾ ਕਰਨ ਉਪਰੰਤ ਹੀ ਘਰ ਜਾਂਦਾ ਸੀ । ਮਾਧਵਾ ਨਲ ਨੇ ਮੰਦਰ ਦੇ ਅੰਦਰ ਇਕ ਵਿਯੋਗ ਮਈ ਦੋਹਰਾ ਲਿਖ ਦਿਤਾ ਤਾਂ ਕਿ ਜਦ ਬਿਕ੍ਰਮਾਜੀਤ ਆਵੇ ਤਾਂ ਉਹ ਦੋਹਰਾ ਜਰੂਰ ਪੜ੍ਹ ਲਵੇ ਗਾ । ਬਿਕ੍ਰਮਾਜੀਤ ਨੇ ਜਦ ਵਿਯੋਗ ਮਈ ਦੋਹਰਾ ਪੜ੍ਹਿਆ ਤਾਂ ਉਸ ਨੇ ਕਿਹਾ ਕਿ ਜੋ ਵੀ ਵਿਯੋਗੀ ਇਥੇ ਆਇਆ ਹੈ ਉਹ ਸਾਹਮਣੇ ਆ ਕੇ ਆਪਣੀ ਕਹਾਣੀ ਦਸੇ । ਮਾਧਵਾ ਨਲ ਨੇ ਉਸ ਦੇ ਸਾਹਮਣੇ ਆ ਕੇ ਆਪਣੀ ਸਾਰੀ ਕਹਾਣੀ ਬਿਆਨ ਕਰ ਦਿਤੀ ਜਿਸ ਨੂੰ ਸੁਣ ਕੇ ਬਿਕ੍ਰਮਾਜੀਤ ਨੇ ਉਸ ਨੂੰ ਕਿਹਾ ਕਿ ਉਹ ਕਾਮ ਕੰਦਲਾ ਜਰੂਰ ਉਸ ਨੂੰ ਦਿਵਾਵੇ ਗਾ । ਇਸ ਤੇ ਬਿਕ੍ਰਮਾਜੀਤ ਨੇ ਫੌਜ ਤਿਆਰ ਕਰ ਕੇ ਕਾਮ ਵਤੀ ਨਗਰੀ ਦੇ ਰਾਜੇ ਪਾਸ ਇਕ ਦੂਤ ਰਾਹੀਂ ਸੁਨੇਹਾ ਦਿਤਾ ਕਿ ਆਪਣੀ ਨਗਰੀ ਨੂੰ ਬਚਾਉਣ ਲਈ ਕਾਮ ਕੰਦਲਾ ਦੇ ਦੇਵੇ । ਕਾਮ ਵਤੀ ਦੇ ਰਾਜੇ ਦੇ ਇਨਕਾਰ ਕਰਨ ਤੇ ਦੋਹਾਂ ਵਿੱਚਕਾਰ ਬੜੀ ਭਾਰੀ ਜੰਗ ਛਿੜ ਜਾਂਦੀ ਹੈ । ਜਦ ਬਿਕ੍ਰਮਾਜੀਤ ਨੇ ਜੰਗ ਜਿੱਤ ਲਈ ਤੇ ਉਹ ਕਾਮ ਕੰਦਲਾ ਪਾਸ ਗਿਆ ਜਿਹੜੀ ਉਸ ਸਮੇ ਮਾਧਵਾ ਨਲ ਦੀ ਯਾਦ ਵਿੱਚ ਸੜ੍ਹ ਰਹੀ ਸੀ । ਕਾਮ ਕੰਦਲਾ ਦੀ ਪਰਖ ਲਈ ਬਿਕ੍ਰਮਾਜੀਤ ਨੇ ਉਸ ਨੂੰ ਕਿਹਾ ਕਿ ਉਸ ਨੂੰ ਪਰਾਪਤ ਕਰਨ ਲਈ ਜੰਗ ਕਰਦਾ ਹੋਇਆ ਮਾਧਵਾ ਨਲ ਮਾਰਿਆ ਗਿਆ ਹੈ । ਇਹ ਸੁਣ ਕੇ ਕਾਮ ਕੰਦਲਾ ਨੇ ਵੀ ਆਪਣੇ ਪ੍ਰਾਣ ਤਿਆਗ ਦਿਤੇ । ਜਦ ਇਹ ਸੁਚਨਾ ਮਾਧਵਾ ਨਲ ਨੂੰ ਮਿਲੀ ਤਾਂ ਉਹ ਵੀ ਆਪਣੇ ਪ੍ਰਾਣਾ ਦਾ ਅੰਤ ਕਰ ਗਿਆ । ਇਹ ਵੇਖ ਕੇ ਬਿਕ੍ਰਮਾਜੀਤ ਨੇ ਅੱਗ ਵਿੱਚ ਸੜ੍ਹ ਕੇ ਆਪਣੇ ਪ੍ਰਾਣ ਦੇਣ ਦਾ ਇਕਰਾਰ ਕਰ ਲਿਆ । ਜਦ ਉਸ ਨੇ ਆਪਣੀ ਚਿੱਤਾ ਤਿਆਰ ਕਰਵਾ ਲਈ ਤੇ ਸੜ੍ਹਨ ਲਗਾ ਤਾਂ ਉਸ ਸਮੇ ਇਕ ਬੈਤਾਲ ਅੰਮ੍ਰਿਤ ਲੈ ਕੇ ਉਥੇ ਪੁਜ ਗਿਆ ਤੇ ਉਸ ਨੇ ਕਾਮ ਕੰਦਲਾ ਤੇ ਮਾਧਵਾ ਨਲ ਨੂੰ ਫਿਰ ਤੋਂ ਜੀਵਨ ਦੇ ਦਿਤਾ । ਇਸ ਤਰਾਂ ਕਾਮ ਕੰਦਲਾ ਮਾਦਵਾਨਲ ਨੂੰ ਪ੍ਰਾਪਤ ਹੋ ਗਈ ।

# ਦਸਮ ਗ੍ਰੰਥ ਵਿੱਚ ਰਾਗ ਮਾਲਾ ਦਾ ਵਰਨਣ:-

ਦਸਮ ਗ੍ਰੰਥ ਵਿੱਚ ਵੀ ਕਈ ਥਾਈ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਰਾਗਾਂ ਦਾ ਵਰਨਣ ਕੀਤਾ ਹੈ ਖਾਸ ਕਰ ਕੇ ਕ੍ਰਿਸ਼ਨ ਅਵਤਾਰ ਦੀ ਕਥਾ ਵਿੱਚ ਕ੍ਰਿਸ਼ਨ ਦੀ ਬਾਂਸਰੀ ਦੀ ਵਿਸ਼ੇਸਤਾ ਦਸਦਿਆਂ ਕ੍ਰਿਸ਼ਨ ਨੇ ਜਿਸ ਜਿਸ ਰਾਗ ਵਿੱਚ ਬਾਂਸਰੀ ਵਜਾਈ ਸੀ ਉਸ ਉਸ ਰਾਗ ਦਾ ਵਰਨਣ ਗੁਰੂ ਸਾਹਿਬ ਨੇ ਬੜੀ ਖੂਬਸੂਰਤੀ ਨਾਲ ਕੀਤਾ ਹੈ ਜਿਹੜਾ ਕਿ ਹੋਰ ਕਿਸੇ ਗ੍ਰੰਥ ਵਿੱਚ ਨਹੀਂ ਮਿਲਦਾ ਕਿ

## “ਕਬਿੱਤ:-

ਲ਼ਲਤ ਧਨਾਸਰੀ ਬਜਾਵੈ ਸੰਗਿ ਬਾਂਸੁਰੀ,ਕਿਰਦਾਰਾ ਔਰ ਮਾਲਵਾ ਬਿਹਾਗੜਾ ਅਉ ਗੁਜਰੀ ।

ਮਾਰੂ ਅਉ ਪਰਜ ਔਰ ਕਾਨ੍ਹੜਾ ਕਲਿਆਨ,ਸੁਭ ਕੁਕਤ ਬਿਾਵਲ ਸੁਨੇ ਤੇ ਆਵੈ ਮੁਜਰੀ ।

ਭੈਰਵ ਪਲਾਸੀ ਭੀਮ ਦੀਪਕ ਸੁ ਗਉਰੀ ਨਟ ਠਾਂਡੋ ਦ੍ਰਮ ਛਾਇ ਮੈ ਸੁ ਗਾਵੈ ਕਾਨ੍ਹ ਪੂਜਰੀ ।

ਤਾਂਤੇ ਗ੍ਰਿਹ ਤਿਆਗ ਤਾਕੀ ਸੁਨਿ ਧੁਨਿ ਸ੍ਰੌਨਨ ਮੈ ਮ੍ਰਿਗਨੈਨੀ ਫਿਰਤ ਸੁਬ ਨ ਬਨ ਊਜਰੀ ॥132॥”

(ਕ੍ਰਿਸ਼ਨਾਵਤਾਰ)

ਅਤੇ

“ਬਾਜਤ ਬਸੰਤ ਅਰ ਭੈਰਵ ਹਿੰਡੋਲ ਰਾਗ,ਬਾਜਤ ਹੈ ਲਲਤਾ ਕੇ ਸਾਥ ਹਵੈ ਧਨਾਸਰੀ ।
ਮਾਲਵਾ ਕਲਯਾਨ ਅਰੁ ਮਾਲਕਉਸ ਮਾਰੂ ਰਾਗ,ਬਨ ਮੈ ਬਜਾਵੈ ਕਾਨ੍ਹ ਮੰਗਲ ਨਿਵਾਰਸੀ ॥332॥”
(ਕ੍ਰਿਸ਼ਨਾਅਵਤਾਰ)